T-16

ਜੈ ਗੁਰਦੇਵ! ਧੰਨ ਗੁਰਦੇਵ!!

## ਚੌਦਹ ਸੌ ਤੈਤੀਸ ਕੋ ਮਾਘ ਸੁਦੀ ਪੰਦ੍ਰਾਸ॥
## ਦੁਖੀਓਂ ਕੇ ਕਲਿਆਣ ਹਿਤ ਪ੍ਰਗਟੇ ਸ੍ਰੀ ਰਵਿਦਾਸ॥

—ਸੰਤ ਕਰਮਦਾਸ ਜੀ



ੴ ਸਤਿਗੁਰ ਪ੍ਰਸਾਦਿ॥
ਗਉੜੀ ਬੈਰਾਗਣਿ ਰਵਿਦਾਸ ਜੀਉ॥

ਘਟ ਅਵਘਟ ਡੂਗਰ ਘਣਾ
ਇਕੁ ਨਿਰਗੁਣੁ ਬੈਲੁ ਹਮਾਰ॥
ਰਮਈਏ ਸਿਉ ਇਕ ਬੇਨਤੀ
ਮੇਰੀ ਪੂੰਜੀ ਰਾਖੁ ਮੁਰਾਰਿ॥੧॥
ਕੋ ਬਨਜਾਰੋ ਰਾਮ ਕੋ
ਮੇਰਾ ਟਾਂਡਾ ਲਾਦਿਆ ਜਾਇ ਰੇ॥੧॥ ਰਹਾਉ॥
ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯਾਪਾਰੁ॥
ਮੈ ਰਾਮ ਨਾਮ ਧਨੁ ਲਾਦਿਆ
ਬਿਖੁ ਲਾਦੀ ਸੰਸਾਰਿ॥੨॥
ਉਰਵਾਰ ਪਾਰ ਕੇ ਦਾਨੀਆ
ਲਿਖਿ ਲੇਹੁ ਆਲ ਪਤਾਲੁ॥
ਮੋਹਿ ਜਮ ਡੰਡੁ ਨ ਲਾਗਈ
ਤਜੀਲੇ ਸਰਬ ਜੰਜਾਲ॥੩॥
ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠ ਕਾ
ਕਹੁ ਰਵਿਦਾਸ ਚਮਾਰ॥੪॥੧॥

(ਪੰਨਾ ੩੪੫)

(ਸ਼ਬਦ ਦੀ ਵਿਆਖਿਆ ਸਫ਼ਾ 14 'ਤੇ)

ਟ੍ਰੈਕਟ ਨੰ: 16

# ਹਉ ਬਨਜਾਰੋ ਰਾਮ ਕੋ

ਪਹਿਲੀ ਵਾਰ—5,000
ਫਰਵਰੀ—2008

ਪ੍ਰਕਾਸ਼ਕ:
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ) (ਰਜਿ:)
(ਰਜਿ: ਨੰ: 179/2006-07)
ਹੈੱਡ-ਆਫਿਸ: N.B. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4
ਫੋਨ: 0181-2490309
ਸਬ-ਆਫਿਸ: ਪਿੰਡ ਤੇ ਡਾਕਖਾਨਾ ਬਿਨਪਾਲਕੇ ਨੇੜੇ ਭੋਗਪੁਰ,
ਜ਼ਿਲ੍ਹਾ ਜਲੰਧਰ-144 201 ਫੋਨ: 0181-2725408

ਮੁੱਲ: ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

# ਤੁਸੀਂ ਵੀ ਇਸ ਮਹਾਂਕੁੰਭ ਵਿਚ ਯਥਾਯੋਗ ਹਿੱਸਾ ਪਾਓ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿਸਟਰਾਰ ਆਫ ਫਰਮਜ਼ ਐਂਡ ਸੁਸਾਇਟੀ ਪੰਜਾਬ ਚੰਡੀਗੜ੍ਹ ਵਲੋਂ ਐਕਟ XXI ਆਫ 1860 ਦੇ ਅਧੀਨ ਨੰ. 179 ਆਫ 2006-07 ਮਿਤੀ 16 ਮਾਰਚ ਨੂੰ ਰਜਿਸਟਰਡ ਹੋ ਗਈ ਹੈ। ਸੰਸਥਾ ਦਾ ਖਾਤਾ ਵੀ ਪੰਜਾਬ ਨੈਸ਼ਨਲ ਬੈਂਕ ਨੇੜੇ ਕੇ.ਐੱਮ.ਵੀ. ਜਲੰਧਰ ਵਿਚ ਖੁਲ੍ਹਵਾ ਦਿੱਤਾ ਹੈ ਜਿਸ ਦਾ ਨੰਬਰ 3920000101107244 ਹੈ। ਖਾਤਾ ਤਾਂ ਖੁਲ੍ਹਵਾ ਦਿੱਤਾ ਹੈ ਪਰ ਸੰਸਥਾ ਕੋਲ ਮਾਇਆ ਦੀ ਘਾਟ ਹੈ। ਹਰ ਸਾਲ 500 ਰੁਪਏ ਪ੍ਰਤੀ ਅਹੁਦੇਦਾਰ ਇਕੱਠੇ ਕਰਕੇ ਹੀ ਖਰਚਾ ਚਲਾਇਆ ਜਾਂਦਾ ਹੈ।

ਸੰਸਥਾ ਵਲੋਂ 1997 ਵਿਚ 'ਨੀਚ ਰੂਖ ਤੇ ਊਚ ਭਏ ਹੈ' ਪਹਿਲਾ ਪੰਫਲਿਟ ਛਾਪ ਕੇ ਸੰਗਤਾਂ ਵਿਚ ਫ੍ਰੀ ਵੰਡਿਆ ਗਿਆ ਜਿਸ ਦੀ ਹਰ ਪਾਸਿਉਂ ਪ੍ਰਸੰਸਾ ਹੋਈ ਤੇ ਦੇਸ਼ ਦੇ ਕੋਨੇ ਕੋਨੇ ਵਿਚੋਂ ਸਾਨੂੰ ਚਿੱਠੀਆਂ ਆਈਆਂ। ਫਿਰ ਅਗਲੇ ਸਾਲ 'ਨਾਮ ਤੇਰੇ ਕੀ ਜੋਤਿ ਲਗਾਈ' ਪੰਫਲਿਟ ਛਾਪਿਆ ਗਿਆ। 'ਹਉ ਬਨਜਾਰੋ ਰਾਮ ਕੋ' ਸੰਸਥਾ ਵਲੋਂ 16ਵਾਂ ਪੰਫਲਿਟ ਛਾਪ ਕੇ ਸੰਗਤਾਂ ਦੀ ਭੇਟਾ ਕੀਤਾ ਜਾ ਰਿਹਾ ਹੈ। ਇਸ ਦੇ ਨਾਲ-ਨਾਲ ਸੰਸਥਾ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਗੁਰਬਾਣੀ ਦੇ ਗੁਟਕੇ ਵੀ ਛਾਪ ਕੇ ਲਾਗਤ ਮੁੱਲ ਉੱਤੇ ਸੰਗਤਾਂ ਨੂੰ ਭੇਟਾ ਕੀਤੇ ਜਾਂਦੇ ਹਨ।

ਕੌਮ ਦੇ ਬੱਚਿਆਂ ਨੂੰ ਧਾਰਮਿਕ ਸਿੱਖਿਆ ਦੇਣ ਲਈ ਮੁਫਤ ਕਲਾਸਾਂ ਲਾਈਆਂ ਜਾਂਦੀਆਂ ਹਨ। ਰੋਜ਼ਾਨਾ ਦੋ ਘੰਟੇ ਦੀ ਕਲਾਸ ਲਗਾਤਾਰ ਦੋ ਮਹੀਨੇ ਲਗਾ ਕੇ ਲੈਕਚਰ ਦਿੱਤੇ ਜਾਂਦੇ ਹਨ ਤੇ ਫਿਰ ਬੱਚਿਆਂ ਦਾ ਲਿਖਤੀ ਟੈਸਟ ਲਿਆ ਜਾਂਦਾ ਹੈ। ਇਸ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੀ ਜੀਵਨੀ, ਗੁਰਬਾਣੀ ਅਤੇ ਸਦਾਚਾਰ ਸਬੰਧੀ ਪ੍ਰਸ਼ਨ ਪੁੱਛੇ ਜਾਂਦੇ ਹਨ। ਫਿਰ ਇਕ ਸਮਾਗਮ ਕਰਕੇ ਇਨ੍ਹਾਂ ਬੱਚਿਆਂ ਨੂੰ ਸੰਸਥਾ ਵਲੋਂ ਸੁੰਦਰ ਸਰਟੀਫਿਕੇਟ, ਸਨਮਾਨ ਅਤੇ ਤੋਹਫੇ ਦਿੱਤੇ ਜਾਂਦੇ ਹਨ। ਅੱਜ ਤੱਕ ਪਿੰਡ ਗੇਹਲੜਾਂ, ਸ੍ਰੀ ਗੁਰੂ ਰਵਿਦਾਸ ਨਗਰ ਭੋਗਪੁਰ (ਜਲੰਧਰ), ਪਿੰਡ ਬੂੰਦੀਆਂ ਡਾ: ਬਹਿਰਾਮ ਸ਼ਰਿਸ਼ਤਾ (ਜਲੰਧਰ), ਪਿੰਡ ਬਿਨਪਾਲਕੇ (ਜਲੰਧਰ), ਪਿੰਡ ਲੋਹਾਰਾਂ ਚਾਹੜਕੇ (ਜਲੰਧਰ), ਆਦਿ ਪਿੰਡਾਂ ਵਿਚ ਕਲਾਸਾਂ ਲਾ ਕੇ ਲਗਭਗ 200 ਬੱਚਿਆਂ ਨੂੰ ਇਹ ਸਰਟੀਫਿਕੇਟ ਦਿੱਤੇ ਗਏ ਹਨ।

ਸੰਸਥਾ ਵਲੋਂ ਖੁਰਾਲਗੜ੍ਹ ਸਾਹਿਬ ਦਾ ਇਤਿਹਾਸ ਛਾਪ ਕੇ ਸੰਗਤਾਂ ਨੂੰ ਭੇਟਾ ਕੀਤਾ ਗਿਆ। ਹਰ ਸਾਲ ਖੁਰਾਲਗੜ੍ਹ ਵਿਖੇ ਸੰਸਥਾ ਵਲੋਂ ਪੁਸਤਕਾਂ ਦਾ ਸਟਾਲ ਅਤੇ ਡਾਕਟਰੀ ਕੈਂਪ ਲਾਇਆ ਜਾਂਦਾ ਹੈ ਜਿਸ ਵਿਚ ਸੰਗਤਾਂ ਨੂੰ ਫ੍ਰੀ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਕੀਰਤਨ ਦਰਬਾਰਾਂ ਅਤੇ ਸੰਤ ਸਮਾਗਮਾਂ ਵਿਚ ਵੀ ਸੰਸਥਾ ਵਲੋਂ ਪੁਸਤਕਾਂ ਦੇ ਸਟਾਲ ਲਗਾਏ ਜਾਂਦੇ ਹਨ।

ਸੰਸਥਾ ਵਲੋਂ ਧਾਰਮਿਕ ਸਮਾਗਮ ਵੀ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚ ਕਥਾ ਵਖਿਆਨ ਅਤੇ ਕੀਰਤਨ ਕੀਤਾ ਜਾਂਦਾ ਹੈ। ਸੰਗਤਾਂ ਇਸ ਉੱਦਮ ਤੋਂ ਵੀ ਲਾਹਾ ਲੈਂਦੀਆਂ ਹਨ।

ਸੰਸਥਾ ਵਲੋਂ ਕਈ ਪੰਫਲਿਟ ਹਿੰਦੀ ਵਿਚ ਵੀ ਛਾਪੇ ਗਏ ਹਨ ਅਤੇ 'ਡਾ. ਅੰਬੇਡਕਰ ਦਾ ਕਰਜ਼' ਨਾਂਅ ਦਾ ਪੰਫਲਿਟ ਵੀ ਛਾਪ ਕੇ ਸੰਗਤਾਂ ਦੀ ਭੇਟਾ ਕੀਤਾ ਗਿਆ।

ਸੰਸਥਾ ਵਲੋਂ ਹੋਰ ਵੀ ਕਈ ਪੁਸਤਕਾਂ ਛਾਪ ਕੇ ਲਾਗਤ ਮੁੱਲ ਉੱਤੇ ਸੰਗਤਾਂ ਨੂੰ ਭੇਟ ਕੀਤੀਆਂ ਜਾਂਦੀਆਂ ਹਨ।

ਸੰਸਥਾ ਹੋਰ ਵੀ ਉੱਦਮ ਕਰਨਾ ਚਾਹੁੰਦੀ ਹੈ। ਇਹ ਉੱਦਮ ਸੰਗਤਾਂ ਦੇ ਸਹਿਯੋਗ ਨਾਲ ਹੀ ਹੋ ਸਕਦੇ ਹਨ। ਇਸ ਲਈ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਯਥਾਯੋਗ ਮਾਇਕ ਸਹਾਇਤਾ ਭੇਜ ਕੇ ਇਸ ਧਾਰਮਿਕ ਮਹਾਂਕੁੰਭ ਵਿਚ ਆਪੋ-ਆਪਣਾ ਹਿੱਸਾ ਪਾਇਆ ਜਾਵੇ।

ਸੰਗਤਾਂ ਦਾ ਦਾਸ

21-2-2008 **ਰਛਪਾਲ ਸਿੰਘ ਬੱਧਣ** # 94176-10120

# ਬਰਨਈ ਤੋਂ ਮਹਿੰਦਰ ਸੰਧੂ ਦੀ ਚਿੱਠੀ

ਹੇ! ਪੰਜਾਬ ਦੇ ਦਲਿਤਾਂ ਦੀ ਜਨਣੀ ਮਾਤਾ ਮੈਂ ਆਪ ਨੂੰ ਸਾਦਰ ਪ੍ਰਣਾਮ ਕਰਦਾ ਹਾਂ। ਤੂੰ ਮੇਰ੍ਹੇ ਦਲਿਤ ਸਮਾਜ ਨੂੰ ਪੈਦਾ ਕਰਕੇ ਪਾਲਦੀ ਹੈਂ, ਪਲੋਸਦੀ ਹੈਂ। ਆਪਣੇ ਬੱਚਿਆਂ ਨੂੰ ਪੱਖੇ ਹੇਠ, ਏਅਰ ਕੰਡੀਸ਼ਨ ਕਮਰੇ ਵਿਚ ਰੱਖਦੀ ਹੈਂ, ਉਸ ਦੇ ਸੋਹਣੇ-ਸੋਹਣੇ ਤੇ ਵਾਤਾਵਰਣ ਅਨੁਕੂਲ ਕੱਪੜੇ ਪਾਉਂਦੀ ਹੈ, ਉਸ ਨੂੰ ਚੰਗੀਆਂ-ਚੰਗੀਆਂ ਸੌਗਾਤਾਂ ਖਾਣ ਨੂੰ ਦਿੰਦੀ ਹੈਂ, ਫਿਰ ਉਹ ਵੱਡਾ ਹੁੰਦਾ ਹੈ, ਤੂੰ ਉਸ ਨੂੰ ਬੱਸ, ਗੱਡੀ ਵਿਚ ਬਿਠਾ ਕੇ ਇਕ ਅੰਗਰੇਜ਼ੀ ਮਾਡਲ ਸਕੂਲ ਵਿਚ ਪੜ੍ਹਨ ਭੇਜਦੀ ਹੈਂ। ਜਿਥੇ ਉਹ ਅਖੌਤੀ ਸਵਰਨ ਜਾਤੀਆਂ ਦੇ ਬੱਚਿਆਂ ਦੇ ਬਰਾਬਰ ਬੈਠਦਾ ਹੈ, ਉਨ੍ਹਾਂ ਦੇ ਨਾਲ ਪੜ੍ਹਦਾ ਹੈ, ਖੇਡਦਾ ਹੈ ਤੇ ਬਰਾਬਰ ਬੈਠ ਕੇ ਖਾਂਦਾ ਹੈ ਅਤੇ ਕਈ ਵਾਰੀ ਤਾਂ ਅਖੌਤੀ ਸਵਰਨ ਜਾਤੀਆਂ ਦੇ ਬੱਚੇ ਉਸ ਦੇ ਟਿਫਨ (ਰੋਟੀ ਦੇ ਡੱਬੇ) ਵਿਚੋਂ ਰੋਟੀ ਵੀ ਕੱਢ ਕੇ ਖਾ ਜਾਂਦੇ ਹਨ।

ਪ੍ਰੰਤੂ ਕੀ ਤੂੰ ਆਪਣੇ ਬੱਚਿਆਂ ਨੂੰ ਆਪਣੇ ਇਤਿਹਾਸਕ ਪਿਛੋਕੜ ਬਾਰੇ ਦੱਸਿਆ ਹੈ ਕਿ ਕਿਵੇਂ ਉਸ ਦੇ ਰਹਿਬਰ ਡਾ: ਭੀਮ ਰਾਓ ਅੰਬੇਡਕਰ ਜਿਸਨੂੰ ਦਲਿਤ ਹੋਣ ਕਰਕੇ ਕਲਾਸ ਦੇ ਕਮਰੇ ਵਿਚੋਂ ਬਾਹਰ ਬਿਠਾਇਆ ਜਾਂਦਾ ਸੀ ਤੇ ਉਸ ਨੂੰ ਤਾਕੀ ਵਿਚੋਂ ਦੀ ਬਲੈਕ ਬੋਰਡ ਵੱਲ ਦੇਖ ਕੇ ਸਵਾਲ ਸਮਝਣੇ ਪੈਂਦੇ ਸਨ ਤੇ ਬਚਪਨ ਵਿਚ ਜਦੋਂ ਭੀਮ ਰਾਓ ਬਲੈਕ ਬੋਰਡ 'ਤੇ ਸਵਾਲ ਕੱਢਣ ਲਈ ਅੱਗੇ ਵਧਿਆ ਸੀ ਤਾਂ ਅਖੌਤੀ ਸਵਰਨ ਜਾਤੀ ਦੇ ਬੱਚਿਆਂ ਨੇ ਰੌਲੀ ਪਾ ਦਿੱਤੀ ਸੀ। ਠਹਿਰ ਜਾਓ! ਠਹਿਰ ਜਾਓ! ਸਾਨੂੰ ਪਹਿਲਾਂ ਬਲੈਕ ਬੋਰਡ ਲਾਗੇ ਪਏ ਰੋਟੀ ਦੇ ਡੱਬਿਆਂ ਨੂੰ ਚੁੱਕ ਲੈਣ ਦਿਓ ਤਾਂ ਕਿ ਇਨ੍ਹਾਂ 'ਤੇ ਸ਼ੂਦਰ ਭੀਮ ਦਾ ਪਰਛਾਵਾਂ ਨਾ ਪੈ ਜਾਵੇ। ਇਕ ਵਾਰ ਅਤਿਅੰਤ ਗਰਮੀ ਵਿਚ ਜਦੋਂ ਪਿਆਸ ਨਾਲ ਵਿਆਕੁਲ ਭੀਮ ਰਾਓ ਨੇ ਕਲਾਸ ਵਿਚ ਰੱਖੇ ਘੜੇ ਵਿਚੋਂ ਪਾਣੀ ਪੀ ਲਿਆ ਸੀ ਤਾਂ ਉਸ ਨੂੰ ਅਖੌਤੀ ਸਵਰਨ ਬੱਚਿਆਂ ਅਤੇ ਮਾਸਟਰਾਂ ਨੇ ਕੁੱਟ-ਕੁੱਟ ਕੇ ਲਹੂ-ਲੁਹਾਨ ਕਰ ਦਿੱਤਾ ਸੀ ਕਿਉਂਕਿ ਸ਼ੂਦਰ ਭੀਮ ਨੂੰ ਸਕੂਲ ਵਿਚ ਰੱਖੇ ਘੜੇ 'ਚੋਂ ਪਾਣੀ ਪੀਣ ਦੀ ਮਨਾਹੀ ਸੀ। ਤੁਹਾਡੇ ਮਹਾਂ-ਗੁਰੂ ਗੁਰੂ ਰਵਿਦਾਸ ਜੀ ਜਦ ਰਾਜੇ ਦੇ ਦਰਬਾਰ ਵਿਚ ਲੰਗਰ ਛਕਣ ਲੱਗੇ ਸਨ ਤਾਂ ਬ੍ਰਾਹਮਣਾਂ ਨੇ ਰੌਲਾ ਪਾ ਦਿੱਤਾ ਕਿ ਹੇ ਰਾਜਨ! ਅਸੀਂ ਚਮਾਰ ਰਵਿਦਾਸ ਨਾਲ ਬਹਿ ਕੇ ਲੰਗਰ ਨਹੀਂ ਛਕਣਾ। ਅਸੀਂ ਤਾਂ ਚਮਾਰਾਂ ਦਾ ਪਰਛਾਵਾਂ ਵੀ ਆਪਣੇ ਨੇੜੇ ਨਹੀਂ ਆਉਣ ਦਿੰਦੇ। ਤੂੰ ਇਸਨੂੰ ਸਾਡੇ ਨਾਲ ਬਿਠਾ ਕੇ ਲੰਗਰ ਖਵਾਉਣ ਲੱਗਾ ਐਂ। ਇਸ ਤਰ੍ਹਾਂ ਸਾਡੇ ਰਹਿਬਰਾਂ ਨੂੰ ਅਨੇਕਾਂ ਦੁੱਖ ਸਹਿਣੇ ਪੈਣਗੇ। ਤੇਰੇ ਸਮਾਜ ਦੇ ਬਜ਼ੁਰਗ ਜੇਕਰ ਚੋਰੀ-ਛਿਪੇ ਰੱਬ ਦਾ ਨਾਮ ਜਪਦੇ ਫੜੇ ਜਾਂਦੇ ਤਾਂ ਉਨ੍ਹਾਂ ਦੀ ਜੀਭ ਕੱਟ ਦਿੱਤੀ ਜਾਂਦੀ। ਜੇਕਰ ਕੋਈ ਵੇਦਾਂ ਦੀ ਬਾਣੀ ਸੁਣ ਲੈਂਦਾ ਤਾਂ ਉਸਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ। ਗਲ ਵਿਚ ਟੱਲੀ ਤੇ ਪਿੱਠ-ਪਿੱਛੇ ਛਾਪਾ ਬੰਨ੍ਹਿਆ ਜਾਂਦਾ ਸੀ। ਤੇਰੇ ਬਜ਼ੁਰਗਾਂ ਨੂੰ ਕੱਖਾਂ ਦੀਆਂ ਕੁੱਲੀਆਂ ਵਿਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ ਤਾਂ ਕਿ ਜਦ ਜੀਅ ਚਾਹੇ ਸਵਰਨ ਉਨ੍ਹਾਂ ਨੂੰ ਅੱਗ ਲਗਾ ਕੇ ਜਾਤ-ਪਾਤ ਤੇ ਛੂਆ-ਛਾਤ ਦੇ ਸੇਕ ਦਾ ਆਨੰਦ ਮਾਣ ਸਕਣ। ਕਿਹੜਾ ਜ਼ੁਲਮ ਹੈ ਜਿਹੜਾ ਤੇਰੇ ਬਜ਼ੁਰਗਾਂ ਨੇ ਆਪਣੇ ਪਿੰਡੇ 'ਤੇ ਨਹੀਂ ਹੰਢਾਇਆ। ਉਹ ਕਿਹੜਾ ਭਾਣਾ ਹੈ ਜਿਹੜਾ ਉਨ੍ਹਾਂ 'ਤੇ ਵਰਤਾਇਆ ਨਹੀਂ ਗਿਆ। ਅੱਜ ਤੂੰ ਆਪਣੇ ਪੰਜਾਬ ਅੰਦਰ ਗੁਰੂ ਰਵਿਦਾਸ, ਗੁਰੂ ਨਾਨਕ ਤੇ ਡਾ: ਅੰਬੇਡਕਰ ਦੀ ਰਹਿਮਤ ਸਦਕਾ ਆਜ਼ਾਦੀ ਨਾਲ ਜੀ ਰਹੀ ਹੈਂ ਪ੍ਰੰਤੂ ਭਾਰਤ ਦੇ ਹੋਰਨਾਂ ਸੂਬਿਆਂ ਅੰਦਰ ਅਜੇ ਵੀ ਜਾਤ-ਪਾਤ, ਛੂਆ-ਛਾਤ ਦੇ ਮਗਰਮੱਛ ਆਜ਼ਾਦੀ ਨਾਲ ਪਲ ਰਹੇ ਹਨ ਤੇ ਖੁਲ੍ਹੇਆਮ ਤੇਰੇ ਸਮਾਜ ਦੇ ਬੱਚਿਆਂ, ਨੌਜੁਆਨਾਂ, ਮਾਵਾਂ-ਧੀਆਂ ਤੇ ਬਜ਼ੁਰਗਾਂ ਨੂੰ ਆਪਣਾ ਸ਼ਿਕਾਰ ਬਣਾ ਰਹੇ ਹਨ। ਉਹ ਕਿਹੜਾ ਦਿਨ ਹੈ ਜਿਸ ਦਿਨ ਜਾਤ-ਪਾਤ ਦੇ ਨਾਮ 'ਤੇ ਤੇਰੇ ਸਮਾਜ ਦੇ ਦੱਬੇ-ਕੁਚਲੇ ਲੋਕਾਂ ਦੇ ਕਤਲ ਨਾ ਹੁੰਦੇ ਹੋਣ, ਧੀਆਂ-ਭੈਣਾਂ ਦੇ ਬਲਾਤਕਾਰ

ਦੁਰਕਾਰਿਆ ਤੇ ਫਿਟਕਾਰਿਆ ਨਾ ਜਾਂਦਾ ਹੋਵੇ।
ਨਾ ਹੁੰਦੇ ਹੋਣ, ਉਨ੍ਹਾਂ ਨੂੰ ਦੁਰਕਾਰਿਆ ਤੇ ਫਿਟਕਾਰਿਆ ਨਾ ਜਾਂਦਾ ਹੋਵੇ। ਪੂਰਨਿਆਂ 'ਤੇ ਚੱਲਣ ਵਾਲਿਆਂ
ਅੱਜ ਗੁਰੂ ਰਵਿਦਾਸ ਅਤੇ ਡਾ: ਅੰਬੇਡਕਰ ਜੀ ਦੇ ਪਾਏ ਪੂਰਨਿਆਂ 'ਤੇ ਚੱਲਣ ਵਾਲਿਆਂ ਇਸੇ ਤਰ੍ਹਾਂ ਹੀ ਚੱਲਦਾ
ਦੀ ਗਿਣਤੀ ਦਿਨ-ਬ-ਦਿਨ ਘਟ ਰਹੀ ਹੈ। ਜੇਕਰ ਇਹ ਸਿਲਸਿਲਾ ਇਸੇ ਤਰ੍ਹਾਂ ਹੀ ਚੱਲਦਾ ਅਜੇ ਤੱਕ ਆਜ਼ਾਦੀ
ਰਿਹਾ ਤਾਂ ਤੇਰੇ ਉਸ ਮਜ਼ਲੂਮ ਦਲਿਤ ਸਮਾਜ ਦਾ ਕੀ ਬਣੇਗਾ ਜਿਸ ਨੇ ਅਜੇ ਤੱਕ ਆਜ਼ਾਦੀ ਸਿਰਜਕ ਬਣਨਾ
ਦੇ ਸੂਰਜ ਦਾ ਮੂੰਹ ਤੱਕਿਆ ਵੀ ਨਹੀਂ। ਤੇਰੇ ਬੱਚਿਆਂ ਨੇ ਕੱਲ੍ਹ ਨੂੰ ਸਮਾਜ ਦੇ ਸਿਰਜਕ ਬਣਨਾ ਕੌਮ ਪ੍ਰਤੀ
ਹੈ, ਇਸ ਕਰਕੇ ਤੂੰ ਉਨ੍ਹਾਂ ਦੇ ਮਨ ਵਿਚ ਕੌਮ ਪ੍ਰਤੀ ਪਿਆਰ ਦਾ ਬੀਜ ਬੋਅ ਦੇ। ਕੌਮ ਪ੍ਰਤੀ ਕਿ ਉਹ
ਅਥਾਹ ਪਿਆਰ, ਦਰਦ ਤੇ ਸੇਵਾ ਦੀ ਭਾਵਨਾ ਪੈਦਾ ਕਰਕੇ ਇੰਨਾ ਪ੍ਰਚੰਡ ਬਣਾ ਦੇ ਕਿ ਉਹ ਆਜ਼ਾਦੀ ਦੇ
ਆਪਣੇ ਗੁਲਾਮ ਸਮਾਜ ਦੀਆਂ ਜ਼ੰਜੀਰਾਂ ਨੂੰ ਕੱਟ ਸਕਣ ਤੇ ਆਪਣੀ ਕੌਮ ਦੇ ਆਜ਼ਾਦੀ ਦੇ
ਝੰਡੇ ਨੂੰ ਉੱਚਾ ਰੱਖ ਸਕਣ।
o

# ਅਬਿਦਿਆ ਹਿਤ ਕੀਨ ਬਿਬੇਕਦੀਪ ਮਲੀਨ

ਮੱਧ ਭਾਰਤ ਵਿਚ ਅਨੇਕ ਗੁਰੂਆਂ ਨੇ ਜਨਮ ਧਾਰਿਆ, ਜਿਨ੍ਹਾਂ ਵਿਚ ਗੁਰੂ ਰਵਿਦਾਸ ਜੀ, ਗੁਰੂ ਨਾਨਕ ਦੇਵ ਜੀ, ਗੁਰੂ ਕਬੀਰ ਜੀ ਤੇ ਗੁਰੂ ਨਾਮਦੇਵ ਜੀ ਆਦਿ ਪ੍ਰਮੁੱਖ ਹਨ। ਗੁਰੂ ਰਵਿਦਾਸ ਜੀ ਇਸ ਮਾਲਾ ਦੇ ਅਨਮੋਲ ਰਤਨ ਹੀ ਨਹੀਂ ਹਨ ਸਗੋਂ ਮਹਾਨ ਸਮਾਜ ਸੁਧਾਰਕ, ਬ੍ਰਹਮ ਗਿਆਨੀ, ਅਧਿਆਤਮਕ ਗੁਰੂ, ਕ੍ਰਾਂਤੀਕਾਰੀ ਵਿਦਵਾਨ, ਸਮਾਨ ਭਾਈਚਾਰੇ ਅਤੇ ਬਰਾਬਰੀ ਦੇ ਪ੍ਰਮੁੱਖ ਪਹਿਰੇਦਾਰ ਹਨ। ਗੁਰੂ ਜੀ ਨੇ ਸੰਪੂਰਨ ਸੁਤੰਤਰਤਾ, ਆਪਸੀ ਭਾਈਚਾਰੇ ਅਤੇ ਬਰਾਬਰੀ ਉੱਪਰ ਪੂਰਾ ਜ਼ੋਰ ਦਿੱਤਾ ਅਤੇ ਉੱਚ-ਨੀਚ ਦੇ ਭੇਦ-ਭਾਵ ਨੂੰ ਮਿਟਾਉਣ ਲਈ ਭਰਪੂਰ ਉਪਰਾਲੇ ਕਰਕੇ ਇਕ ਨਵੀਂ ਵਿਚਾਰਕ ਕ੍ਰਾਂਤੀ ਨੂੰ ਜਨਮ ਦਿੱਤਾ। ਆਪਣੀ ਰੂਹਾਨੀ ਬਾਣੀ ਵਿਚ ਗੁਰੂ ਜੀ ਨੇ 'ਸੰਤਾਂ ਦੀ ਸੰਗਤ, ਸਤਿਸੰਗਤ ਅਤੇ ਨਾਮ ਦੀ ਮਹੱਤਤਾ' ਉੱਪਰ ਜ਼ੋਰ ਦਿੱਤਾ। ਜੇਕਰ ਅਸੀਂ ਇਸ ਮਹੱਤਤਾ ਦੀ ਗੱਲ ਕਰਨੀ ਹੈ ਤਾਂ ਸਾਨੂੰ ਸੰਤ ਦੀ ਸੰਗਤ ਦੀ ਪਰਿਭਾਸ਼ਾ, ਗੁਣ ਆਦਿ ਦੇ ਬਾਰੇ ਵੀ ਜਾਣਕਾਰੀ ਹੋਣੀ ਚਾਹੀਦੀ ਹੈ।

ਸਾਧ ਸੰਗਤ ਦੀ ਪਰਿਭਾਸ਼ਾ : "ਲੋਕਾਂ ਦਾ ਆਪਸੀ ਸਮੂਹ ਜੋ ਕਿ ਆਪਣੇ ਧਾਰਮਿਕ ਅਤੇ ਸਮਾਜਿਕ ਉਦੇਸ਼ਾਂ ਦੀ ਪ੍ਰਾਪਤੀ ਲਈ ਇਕੱਠੇ ਹੁੰਦੇ ਹਨ, ਨੂੰ ਸੰਗਤ ਕਹਿੰਦੇ ਹਨ।"

ਸੰਤਾਂ ਦੇ ਗੁਣ ਅਤੇ ਮਹੱਤਤਾ :

(1) ਸੰਤ ਇਕ ਅਦੁੱਤੀ ਤੇ ਪਵਿੱਤਰ ਵਿਅਕਤੀ ਹੁੰਦਾ ਹੈ।

(2) ਸੰਤ ਸਦਾ ਹੀ ਸ਼ਾਂਤ ਸੁਭਾਅ ਦੇ ਅਤੇ ਦਿਆਲੂ ਹੁੰਦੇ ਹਨ।

(3) ਸੰਤਾਂ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਹ ਸੰਸਾਰੀ ਯਾਤਰਾ ਪੂਰੀ ਕਰਕੇ ਆਪ ਪ੍ਰਮਾਤਮਾ ਦੀ ਜੋਤ ਵਿਚ ਵਿਲੀਨ ਹੋ ਜਾਂਦੇ ਹਨ।

(4) ਸੰਤ ਬਦਲੇ ਦੀ ਭਾਵਨਾ ਅਤੇ ਗੁੱਸੇ ਨੂੰ ਤਿਆਗ ਚੁੱਕਾ ਹੁੰਦਾ ਹੈ ਅਤੇ ਆਪਣੇ ਧਰਮ ਪ੍ਰਤੀ ਪੂਰੀ ਤਰ੍ਹਾਂ ਨਾਲ ਸਮਰਪਤ ਹੁੰਦਾ ਹੈ।

(5) ਸੰਤ ਅਧਿਆਤਮਕ ਤੌਰ 'ਤੇ ਸੰਪੂਰਨ, ਪਵਿੱਤਰ, ਦਾਗ ਰਹਿਤ, ਬੁਰਾਈਆਂ ਅਤੇ ਪਾਪਾਂ ਤੋਂ ਮੁਕਤ ਹੁੰਦਾ ਹੈ।

(6) ਸੰਤਾਂ 'ਚ ਇਹ ਮਹਾਨ ਗੁਣ ਹੁੰਦਾ ਹੈ ਕਿ ਉਹ ਸਭ ਨੂੰ ਪਿਆਰ ਅਤੇ ਮਾਣ-ਸਨਮਾਨ ਦਿੰਦੇ ਹਨ।

Mac Millan ਦੇ ਮੁਤਾਬਕ (1) Sant Should be patient and mild not inclined to anger or resentment."

(2) Sant Should be untainted, pleasant, sweet and soft spoken, not poisonous, not infected, not spoiller, not correcpt and must be stainless."

ਗੁਰੂ ਰਵਿਦਾਸ ਜੀ ਦੁਆਰਾ 600 ਸਾਲ ਤੋਂ ਵੀ ਪਹਿਲਾਂ ਰਚਿਤ ਬਾਣੀ ਉਸ ਵੇਲੇ ਵੀ ਸੱਚ ਸੀ, ਸਦੀਆਂ ਪਹਿਲਾਂ ਵੀ ਸੱਚ ਸੀ, ਅੱਜ ਵੀ ਸੱਚ ਹੈ ਤੇ ਆਉਣ ਵਾਲੇ ਸਮੇਂ ਵੀ ਸੱਚ ਹੀ ਰਹੇਗੀ। ਗੁਰੂ ਜੀ ਦੀ ਰੂਹਾਨੀ ਬਾਣੀ ਸਾਨੂੰ ਆਪਸੀ ਭਾਈਚਾਰੇ, ਆਪਸੀ ਇਕੱਠ ਤੇ ਬਿਨਾਂ ਵੈਰ-ਵਿਰੋਧ ਦੇ ਇਕੱਠੇ ਰਹਿਣ ਦੀ ਜਿਥੇ ਪ੍ਰੇਰਨਾ ਦਿੰਦੀ ਹੈ ਉਥੇ ਸਾਨੂੰ ਸਮਝਾਉਂਦੀ ਵੀ ਹੈ ਕਿ ਹਜ਼ਾਰਾਂ ਜਾਤਾਂ ਵਿਚ ਵੰਡ ਹੋ ਚੁੱਕੇ ਸਮਾਜ ਨੂੰ ਮਧੂ-ਮੱਖੀਆਂ ਤੋਂ ਸਿਖਿਆ ਲੈਣੀ ਚਾਹੀਦੀ ਹੈ ਕਿਵੇਂ ਮਧੂ-ਮੱਖੀਆਂ ਆਪਸ ਵਿਚ ਭਾਈਚਾਰੇ ਨਾਲ ਰਹਿੰਦੀਆਂ ਹਨ। ਖੂਬਸੂਰਤ ਤੇ ਸੋਹਣੇ ਫੁੱਲਾਂ ਉੱਪਰ ਬੈਠ ਕੇ ਉਹਨਾਂ ਫੁੱਲਾਂ ਦਾ ਰਸ ਚੂਸਦੀਆਂ ਹਨ ਜਿਸ ਤੋਂ ਸਾਨੂੰ ਸ਼ਹਿਦ ਦੀ ਪ੍ਰਾਪਤੀ ਹੁੰਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਰਸ, ਸ਼ਹਿਦ, ਬਗੈਰ ਕੁਦਰਤੀ ਬਨਸਪਤੀ ਨੂੰ ਨੁਕਸਾਨ ਪਹੁੰਚਾਏ ਹੀ ਸਾਨੂੰ ਮਿਲਦਾ ਹੈ। ਮਧੂ ਮੱਖੀਆਂ ਦੇ ਹੱਕਾਂ ਉੱਪਰ ਜਦ ਕੋਈ ਹਮਲਾ ਕਰਦਾ ਹੈ ਤਾਂ ਇਹ ਇਕੱਠੀਆਂ ਹੋ ਕੇ ਦੁਸ਼ਮਣ ਨੂੰ ਸਬਕ ਸਿਖਾਉਂਦੀਆਂ ਹਨ ਅਤੇ ਆਪਣੇ ਹੱਕਾਂ ਦੀ ਰਾਖੀ ਕਰਦੀਆਂ ਹਨ। ਸਾਡੇ ਸਮਾਜ ਨੂੰ ਇਨ੍ਹਾਂ ਮਧੂ-ਮੱਖੀਆਂ ਤੋਂ ਸੇਧ ਲੈਂਦੇ ਹੋਏ ਆਪਣੇ ਹੱਕਾਂ ਨੂੰ ਪ੍ਰਾਪਤ ਕਰਨਾ ਤੇ ਉਹਨਾਂ ਦੀ ਰਾਖੀ ਕਰਨੀ ਚਾਹੀਦੀ ਹੈ। ਇਸ ਸੰਦਰਭ ਵਿਚ ਗੁਰੂ ਜੀ ਫੁਰਮਾਉਂਦੇ ਹਨ :

ਸਤਿ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥

ਜੇਕਰ ਅਸੀਂ ਅਲੱਗ-ਅਲੱਗ ਤ੍ਰਿਗਦ ਜੂਨਾਂ ਦੀ ਗੱਲ ਕਰੀਏ ਤਾਂ ਇਹ ਤ੍ਰਿਗਦ ਜੂਨਾਂ, ਇਸੇ ਕਰਕੇ ਹੀ ਆਪਣੀ ਹੋਂਦ ਖਤਮ ਕਰ ਲੈਂਦੀਆਂ ਹਨ ਭਾਵ ਨੁਕਸਾਨ ਝੱਲਦੀਆਂ ਹਨ ਤੇ ਗੁਲਾਮ ਹੋ ਜਾਂਦੀਆਂ ਹਨ ਕਿਉਂਕਿ ਇਹਨਾਂ ਜੂਨਾਂ ਕੋਲ ਆਪਣੀ ਸੋਚ ਸ਼ਕਤੀ ਨਹੀਂ ਹੁੰਦੀ। ਔਗੁਣਾਂ ਅਤੇ ਵਿਕਾਰਾਂ ਕਾਰਨ ਇਹ ਮੰਦ ਬੁੱਧੀ ਹੁੰਦੀਆਂ ਹਨ, ਇਹਨਾਂ ਦੀ ਕੋਈ ਵਿਚਾਰਧਾਰਾ ਨਹੀਂ ਹੁੰਦੀ ਭਾਵ ਵਿਚਾਰਹੀਨ ਹੁੰਦੀਆਂ ਹਨ। ਦੂਜੇ ਪਾਸੇ ਜੇਕਰ ਦੁਰਲਭ ਮਨੁੱਖੀ ਜਨਮ ਦੀ ਗੱਲ ਕਰੀਏ ਤਾਂ ਇਹ ਸਪੱਸ਼ਟ ਹੈ ਕਿ ਇਹ ਪ੍ਰਾਣੀ ਸਭ ਤੋਂ ਸਮਝਦਾਰ ਹੈ। ਪਰ ਤ੍ਰਿਗਦ ਜੂਨਾਂ ਇਕ ਔਗੁਣ, ਇਕ ਵਿਕਾਰ ਸਦਕਾ ਹੀ ਗੁਲਾਮ ਬਣਦੀਆਂ ਹਨ। ਜਿਵੇਂ ਕਿ ਹਿਰਨ ਨੂੰ ਨਾਦ ਸੁਣਨ ਦਾ ਰਸ (ਔਗੁਣ), ਮਛਲੀ ਨੂੰ ਜੀਭ ਦਾ ਰਸ (ਵਿਕਾਰ), ਭੌਰੇ (ਭੰਵਰਾਂ) ਨੂੰ ਫੁੱਲਾਂ ਦੇ ਸੁੰਘਣ ਦਾ ਰਸ, ਪਤੰਗੇ ਨੂੰ ਰੌਸ਼ਨੀ ਦਾ ਰਸ ਅਤੇ ਹਾਥੀ (ਕੁੰਚਰ) ਨੂੰ ਕਾਮ ਵਾਸਨਾ ਦਾ ਰਸ ਹੁੰਦਾ ਹੈ। ਇਹਨਾਂ ਵਿਕਾਰਾਂ ਔਗੁਣਾਂ ਕਰਕੇ ਹੀ ਤ੍ਰਿਗਦ ਜੂਨਾਂ ਆਪਣੀ ਹੋਂਦ ਖ਼ਤਮ ਕਰ ਲੈਂਦੀਆਂ ਹਨ ਜਦਕਿ ਦੂਜੇ ਪਾਸੇ ਮਨੁੱਖ ਵਿਚ ਇਕ ਨਹੀਂ ਪੰਜ ਵਿਕਾਰ ਹਨ। ਇਥੇ ਅਸੀਂ ਇਹ ਅੰਦਾਜ਼ਾ ਲਗਾ ਸਕਦੇ ਹਾਂ ਕਿ ਇਹਨਾਂ ਪੰਜ ਔਗੁਣਾਂ ਨੂੰ ਵਸ ਵਿਚ ਕਰਨਾ ਕਿੰਨਾ ਔਖਾ ਕੰਮ ਹੈ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਅਗਿਆਨਤਾ ਹੀ ਸਭ ਬੀਮਾਰੀਆਂ ਦੀ ਜੜ੍ਹ ਹੈ ਭਾਵ ਗਿਆਨ (Education) ਦੀ ਪ੍ਰਾਪਤੀ ਹੋਣ ਨਾਲ ਇਨ੍ਹਾਂ ਵਿਕਾਰਾਂ, ਔਗੁਣਾਂ ਤੋਂ ਸਾਨੂੰ ਛੁਟਕਾਰਾ ਮਿਲ ਸਕਦਾ ਹੈ ਤੇ ਅਸੀਂ ਚੰਗੇ ਵਿਅਕਤੀਤਵ ਨੂੰ ਪੇਸ਼ ਕਰਕੇ ਇਕ ਉਸ ਨਵੇਂ ਸਮਾਜ ਦਾ ਨਿਰਮਾਣ ਕਰ ਸਕਦੇ ਹਾਂ ਅਤੇ ਚੰਗੀ ਬੁੱਧੀ, ਵਿਵੇਕ ਦੇ ਮਾਲਕ ਬਣਕੇ ਅਸੀਂ ਸਭ ਕੁਝ ਪ੍ਰਾਪਤ ਕਰ ਸਕਦੇ ਹਾਂ। ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ :

ਮ੍ਰਿਗ ਮੀਨ ਭ੍ਰਿੰਗ ਪਤੰਗ, ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥
ਮਾਧੋ ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ॥

ਗੁਰੂ ਰਵਿਦਾਸ ਜੀ ਨੇ ਜਾਤ-ਪਾਤ, ਊਚ-ਨੀਚ, ਅਸਮਾਨਤਾਵਾਂ, ਅਨਿਆਂ, ਸਰੀਰਕ ਦੁੱਖ ਆਦਿ ਨੂੰ ਦੂਰ ਕਰਨ ਲਈ ਆਪਸੀ ਪ੍ਰੇਮ-ਪਿਆਰ, ਭਾਈਚਾਰੇ ਦਾ ਸੁਨੇਹਾ ਦਿੱਤਾ ਹੈ ਅਤੇ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਬੇਗਮਪੁਰਾ ਸ਼ਹਿਰ ਵਸਾਉਣ ਦੀ ਗੱਲ ਕੀਤੀ ਹੈ। ਗੁਰੂ ਜੀ ਇਸ ਅਧਿਆਤਮਕ ਬੇਗਮਪੁਰੇ ਨੂੰ ਅੱਜ ਦੇ ਸਮਾਜ ਵਿਚ ਪ੍ਰਚੱਲਿਤ ਕਰਨ ਦਾ ਉਦੇਸ਼ ਸਾਡੇ ਧਾਰਮਿਕ ਤੇ ਰਾਜਨੀਤਿਕ ਆਗੂਆਂ ਨੂੰ ਦਿੰਦੇ ਹਨ ਕਿ ਇਸ ਸ਼ਹਿਰ ਦੇ ਹਰ ਵਾਸ਼ੀ ਨੂੰ ਮੌਲਿਕ ਅਧਿਕਾਰ, ਸਮਾਜਿਕ ਅਧਿਕਾਰ, ਧਾਰਮਿਕ, ਆਜ਼ਾਦੀ, ਰਾਜਨੀਤਿਕ ਆਜ਼ਾਦੀ, ਆਰਥਿਕ ਆਜ਼ਾਦੀ, ਸਭਿਆਚਾਰਕ ਆਜ਼ਾਦੀ ਮਿਲੇ।

ਬੇਗਮਪੁਰਾ ਸਹਰ ਕੋ ਨਾਉ.....

ਜੋ ਹਮ ਸਹਰੀ ਸੁ ਮੀਤ ਹਮਾਰਾ॥

ਜੇਕਰ ਆਧੁਨਿਕ ਭਾਰਤ ਦੀਆਂ ਹੁਕਮਰਾਨ ਸਰਕਾਰਾਂ ਇਸ ਬੇਗਮਪੁਰੇ ਦੇ ਸੰਦੇਸ਼ ਨੂੰ ਪੂਰੀ ਇਮਾਨਦਾਰੀ ਨਾਲ ਲਾਗੂ ਕਰਨ ਤਾਂ ਆਧੁਨਿਕ ਭਾਰਤ ਦੇ ਲੋਕਾਂ ਦੀ ਸਥਿਤੀ ਹਰੇਕ ਖੇਤਰ ਵਿਚ ਬਹੁਤ ਮਜ਼ਬੂਤ ਹੋਵੇਗੀ। ਇਕ ਸਮਾਜਕ ਇਨਕਲਾਬ ਆਵੇਗਾ ਤੇ ਸਮਾਜਿਕ ਪਰਿਵਰਤਨ ਦੀ ਇਕ ਨਵੀਂ ਕਿਰਨ ਇਸ ਸੰਸਾਰ ਵਿਚ ਐਸੀ ਦੁੱਧ ਰੋਸ਼ਨੀ ਕਰ ਜਾਵੇਗੀ ਤੇ ਮੇਰੇ ਸਤਿਗੁਰੂ ਦਾ ਬੇਗਮਪੁਰਾ ਸਥਾਪਿਤ ਹੋ ਜਾਵੇਗਾ ਜਿਥੇ ਲੜਾਈ, ਝਗੜੇ, ਵੈਰ-ਵਿਰੋਧ, ਅਨਿਆਂ ਤੇ ਸਭ ਤਰ੍ਹਾਂ ਦੀਆਂ ਸਮਾਜਿਕ ਕੁਰੀਤੀਆਂ ਖ਼ਤਮ ਹੋ ਜਾਣਗੀਆਂ। ਜੇਕਰ ਅਸੀਂ ਭਾਰਤੀ ਸੰਵਿਧਾਨ ਦੀ ਗੱਲ ਕਰੀਏ ਤਾਂ ਡਾ: ਬੀ. ਆਰ. ਅੰਬੇਡਕਰ ਸਾਹਿਬ ਨੇ ਪ੍ਰਸਤਾਵ (PREAMBLE) ਵਿਚ ਗੁਰੂ ਰਵਿਦਾਸ ਜੀ ਦੇ ਬੇਗਮਪੁਰੇ ਦੀ ਹੀ ਗੱਲ ਕੀਤੀ ਹੈ ਤੇ ਇਸ ਪ੍ਰਸਤਾਵ ਵਿਚ ਬੇਗਮਪੁਰੇ ਦਾ ਸੰਦੇਸ਼ ਪੂਰੀ ਤਰ੍ਹਾਂ ਨਾਲ ਨਜ਼ਰ ਆਉਂਦਾ ਹੈ।

ਅੰਤ ਵਿਚ, ਅਸੀਂ ਸਮੂਹ ਸਾਧ ਸੰਗਤ ਨੂੰ ਸਤਿਗੁਰੂ ਰਵਿਦਾਸ ਜੀ ਦੇ 631ਵੇਂ ਪ੍ਰਗਟ ਦਿਵਸ ਉੱਪਰ ਲੱਖ-ਲੱਖ ਵਧਾਈ ਦਿੰਦੇ ਹਾਂ ਤੇ ਬੇਨਤੀ ਕਰਦੇ ਹਾਂ ਕਿ ਸਾਡਾ ਬੇਗਮਪੁਰਾ ਉੱਪਰ ਲਿਖੀਆਂ ਸਮਾਜਿਕ ਕੁਰੀਤੀਆਂ ਤੋਂ ਇਲਾਵਾ ਨਸ਼ਾ ਖੋਰੀ, ਭਰੂਣ ਹੱਤਿਆ ਤੇ ਦਾਜ ਪ੍ਰਥਾ ਤੋਂ ਵੀ ਰਹਿਤ ਹੋਵੇ ਅਤੇ ਸਮਾਜ ਦਿਨ-ਦੁਗਣੀ ਰਾਤ ਚੌਗੁਣੀ ਤਰੱਕੀ ਕਰਦਾ ਰਹੇ। ○

*—**ਪਰਮਜੀਤ ਵਿਰਦੀ**, ਮੀਤ ਪ੍ਰਧਾਨ,*

*ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਰਜਿ:), ਮੋਬਾਇਲ—98155-85013*

# ਬੂੰਦ-ਬੂੰਦ—ਕਦਮ-ਕਦਮ

ਪਰਮ ਹੰਸ ਸਤਿਗੁਰੂ ਸਵਾਮੀ ਗੁਰੂ ਰਵਿਦਾਸ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਇਕ ਅਜਿਹੇ ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਰਾਜ ਦਾ ਸ਼ਬਦ ਚਿਤਰਨ ਕੀਤਾ ਹੈ ਜੋ ਧਰਤੀ ਉਤੇ ਕਿਸੇ ਸਵਰਗ ਤੋਂ ਘੱਟ ਨਹੀਂ ਹੋਵੇਗਾ। ਸ੍ਰੀ ਗੁਰੂ ਰਵਿਦਾਸ ਜੀ ਦੇ ਇਸ ਪਵਿੱਤਰ ਸ਼ਬਦ ਦਾ ਓਟ ਆਸਰਾ ਲੈ ਕੇ ਸਾਰੇ ਸੰਸਾਰ ਦੀ ਸਾਂਝੀ ਸੰਸਥਾ ਸੰਯੁਕਤ ਰਾਸ਼ਟਰ ਸਭਾ ਨੇ ਇਕ ਪ੍ਰਸਤਾਵਨਾ ਪਾਸ ਕੀਤੀ ਹੈ ਕਿ ਆਗਾਮੀ ਸੰਸਾਰ ਦੇ ਸਾਰੇ ਦੇਸ਼ ਇਸ ਆਦਰਸ਼ ਰਾਜ ਪ੍ਰਬੰਧਕੀ ਵਿਉਂਤ 'ਤੇ ਰਾਜ ਸ਼ਾਸਨ ਚਲਾਉਣ ਦਾ ਨਿਰਣਾ ਕਰਨ।

ਸਾਡਾ ਸਾਰਿਆਂ ਦਾ ਵਿਸ਼ੇਸ਼ ਕਰਕੇ ਗੁਰੂ ਰਵਿਦਾਸ ਜੀ ਨਾਮ ਲੇਵਾ ਸੰਗਤ ਦਾ ਵਿਸ਼ੇਸ਼ ਕਰਤੱਵ ਬਣਦਾ ਹੈ ਕਿ ਅੱਜ ਦੇ ਛਲ-ਕਪਟ, ਮਾਰ-ਵੱਢ, ਭੇਦ-ਭਾਵ ਤੇ ਲੁੱਟ-ਖੋਹ ਦੇ ਨਰਕੀ ਰਾਜ ਪ੍ਰਬੰਧਾਂ ਦੇ ਲਿਆਉਣ ਵਿਚ ਬੂੰਦ-ਬੂੰਦ ਸਹਿਯੋਗ ਪਾ ਕੇ ਅਤੇ ਕਦਮ-ਕਦਮ ਅੱਗੇ ਵੱਧਦੇ ਹੋਏ ਇਸ ਬਾਰੂਦ, ਮਾਰੂ ਹਥਿਆਰਾਂ, ਆਈਟਮ ਤੇ ਹਾਈਡ੍ਰੋਜਨ ਬੰਬਾਂ ਤੇ ਹੋਰ ਮਾਰੂ ਹਥਿਆਰਾਂ

ਦੇ ਢੇਰ ਉਤੇ ਬੈਠੀ ਮਨੁੱਖਤਾ ਦੇ ਕਲਿਆਣ ਹਿੱਤ ਆਪਣਾ-ਆਪਣਾ ਯੋਗਦਾਨ ਪਾਈਏ।

ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਅਸੀਂ ਅਜਿਹਾ ਆਦਰਸ਼ ਮਾਰਗ ਦਾ ਚਿੱਤਰ ਚਿੱਤ੍ਰਣ ਵਾਲੇ ਚਿੱਤਰਕਾਰ ਦੀ ਚਿੱਤਰਕਾਰੀ ਨੂੰ ਵੱਧ ਤੋਂ ਵੱਧ ਪ੍ਰਚਾਰੀਏ-ਪ੍ਰਸਾਰੀਏ ਅਤੇ ਆਪਣੇ ਜੀਵਨ ਵਿਚ ਅਪਣਾਈਏ ਤੇ ਢਾਲੀਏ। ਆਪਣੇ ਜੀਵਨ ਵਿਚ ਢਾਲਣ ਤੋਂ ਪਹਿਲਾਂ ਸ਼ਾਨੂੰ ਇਸ ਸ਼ਬਦ ਚਿੱਤਰ ਦੀ ਗੁਣਵਤਾ ਨੂੰ ਜਾਣਨਾ ਚਾਹੀਦਾ ਹੈ। ਇਸ ਦੀ ਗੁਣਵਤਾ ਤਦ ਹੀ ਪਛਾਣੀ ਜਾਏਗੀ ਜੇਕਰ ਅਸੀਂ ਰਲ-ਮਿਲ ਕੇ ਇਸ ਮਹਾਨ ਸਮਾਜ ਸੁਧਾਰਕ, ਕ੍ਰਾਂਤੀਕਾਰੀ ਦੀ ਸਮੁੱਚੀ ਅਮਰ ਤੇ ਅੰਮ੍ਰਿਤ ਬਾਣੀ ਨੂੰ ਪੜ੍ਹੀਏ, ਸੁਣੀਏ ਤੇ ਸੁਣਾਈਏ। ਇਸ ਦੇ ਗੁਣਾਂ ਤੋਂ ਆਪ ਜਾਣੂੰ ਹੋਈਏ ਤੇ ਦੂਜਿਆਂ ਨੂੰ ਜਾਣੂ ਕਰਵਾਈਏ। ਇਹਨਾਂ ਦੇ ਜਨਮ ਪੁਰਬ ਪ੍ਰੇਮ ਤੇ ਸਤਿਕਾਰ ਨਾਲ ਮਨਾਈਏ, ਇਕ ਥਾਂ ਇਕੱਠੇ ਬੈਠ ਰੋਟੀ-ਬੇਟੀ ਦੀ ਸਾਂਝ ਪਾਈਏ। ਆਪਸ ਵਿਚ ਹਿੱਤ ਪਿਆਰ ਉਜਾਗਰ ਕਰੀਏ। ਆਪਣੇ ਖਿੰਡ-ਪੁੰਡ ਰਹੇ ਸਮਾਜ ਵਿਚ ਏਕਤਾ ਭਾਵਨਾ ਜਾਗ੍ਰਿਤ ਕਰੀਏ। ਪੰਡਾਲ ਲਾ ਕੇ ਧਾਰਮਿਕ ਪ੍ਰਚਾਰ ਕਰੀਏ ਤੇ ਨਗਰ ਕੀਰਤਨ ਯਾਤਰਾਵਾਂ ਦਾ ਪ੍ਰਯੋਜਨ ਕਰੀਏ। ਗੁਰਪੁਰਬ ਦੇ ਸ਼ੁਭ ਦਿਹਾੜੇ 'ਤੇ ਮਹਾਨ ਕਾਰਜ ਵਾਲੇ ਦਿਨ ਆਪਣੇ ਆਪਣੇ ਨਗਰ ਦੇ ਧਾਰਮਿਕ ਸਥਾਨਾਂ ਤੇ ਘਰਾਂ ਉੱਪਰ ਦੀਪਮਾਲਾ ਕਰਕੇ ਉਸ ਮਹਾਨ ਮਾਨਵਤਾ ਦੇ ਪੁੰਜ ਪਰਮ ਹੰਸ ਸਤਿਗੁਰ ਸਵਾਮੀ ਗੁਰੂ ਰਵਿਦਾਸ ਜੀ ਮਹਾਰਾਜ ਨੇ ਆਪ 'ਰਵਿ' ਬਣ ਕੇ ਸਾਡੇ ਘਰਾਂ ਵਿਚ ਆਪਣੇ ਤੇਜ ਪ੍ਰਕਾਸ਼ ਨਾਲ ਜੋ ਚਾਨਣ ਬਿਖੇਰਿਆ ਸੀ ਉਸ ਦੀ ਲੋ ਮੱਧਮ ਨਾ ਪੈ ਜਾਵੇ ਭਾਵੇਂ ਉਸ ਦਿਨ ਪ੍ਰਕਿਰਤੀ ਨੇ ਸਾਡੇ 'ਤੇ ਦਿਆਲੂ ਹੋ ਕੇ ਠੰਢੇ ਚੰਦ ਦੀ ਸ਼ੀਤਲ ਲੋਅ ਪ੍ਰਦਾਨ ਕੀਤੀ ਹੈ। ਤਿੰਨ ਪ੍ਰਕਾਸ਼, ਰਵੀ-ਸੂਰਜ, ਸ਼ਸ਼ੀ-ਚੰਦ ਤੇ ਦੀਪ-ਦੀਵੇ ਰਲ ਕੇ ਧਰਤੀ 'ਤੇ ਸਵਰਗ ਦਾ ਮਨਮੋਹਕ ਦ੍ਰਿਸ਼ ਲੈ ਆਈਏ।

*—ਰਾਮ ਧਨ ਨਾਂਗਲੂ, ਭੋਗਪੁਰ (ਜਲੰਧਰ)*

# ਵਿੱਦਿਆ ਦੀ ਮਹਾਨਤਾ

ਅੱਜ ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦਾ 631ਵਾਂ ਪ੍ਰਕਾਸ਼ ਉਤਸਵ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾ ਰਹੇ ਹਾਂ। ਇਸ ਪਾਵਨ ਦਿਹਾੜੇ ਦੀ ਸਭ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ। **ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥** ਇਹ ਪਾਵਨ ਸ਼ਬਦ ਸਤਿਗੁਰੂ ਰਵਿਦਾਸ ਜੀ ਦੇ ਮੁਖਾਰਬਿੰਦ ਤੋਂ ਉਚਾਰਿਆ ਸ਼ਬਦ ਹੈ। ਇਹ ਠੀਕ ਹੈ ਕਿ ਭਾਰਤ ਵਿਚ ਕਈ ਤਰ੍ਹਾਂ ਦੇ ਸ਼ਾਸਕ ਆਏ ਅਤੇ ਉਨ੍ਹਾਂ ਨੇ ਆਪਣੇ-ਆਪਣੇ ਲਿਹਾਜ਼ ਨਾਲ ਭਾਰਤ 'ਤੇ ਰਾਜ ਕੀਤਾ। ਜੋ ਗੱਲ ਸਾਹਮਣੇ ਨਿੱਤਰ ਕੇ ਆਉਂਦੀ ਹੈ ਕਿ ਰਾਜ ਭਾਗ ਕਰਨ ਵਿਚ ਵਿੱਦਿਆ ਦਾ ਬਹੁਤ ਹੀ ਯੋਗਦਾਨ ਹੈ। ਇਸ ਵਿੱਦਿਆ ਦੇ ਸਹਾਰੇ ਹੀ ਪੰਡਤ ਜੋਤਿਸ਼ ਦਾ ਕੰਮ ਕਰਦਾ ਹੈ, ਡਾਕਟਰ ਡਾਕਟਰੀ ਕਰਦਾ ਹੈ ਅਤੇ ਕਈ ਵਾਰੀ ਉਹ ਅਜਿਹੇ ਕਾਰਨਾਮੇ ਕਰ ਦਿਖਾਉਂਦਾ ਹੈ ਜੋ ਬਹੁਤ ਹੀ ਅਦਭੁੱਤ ਹੁੰਦੇ ਹਨ।

ਪਹਿਲਾਂ ਪਹਿਲ ਵਿੱਦਿਆ ਹਾਸਲ ਕਰਨਾ ਹਰ ਇਕ ਦਾ ਕੰਮ ਨਹੀਂ ਸੀ, ਇਥੋਂ ਤੱਕ ਸੀ ਕਿ ਵਿੱਦਿਆ ਪੜ੍ਹਨਾ ਤਾਂ ਦੂਰ ਦੀ ਗੱਲ, ਕੋਈ ਗਿਆਨ ਦੀ ਗੱਲ ਸੁਣ ਵੀ ਨਹੀਂ ਸਕਦਾ ਸੀ, ਇਸੇ ਕਾਰਨ ਇਸ ਮਹਾਨ ਭਾਰਤ ਦੇਸ਼ ਦੀ ਜਨਤਾ ਪਾਸੋਂ ਅਵਾਰਾ ਪਸ਼ੂਆਂ ਦੀ ਤਰ੍ਹਾਂ ਕੰਮ ਲਿਆ ਜਾਂਦਾ ਸੀ। ਗੁਰੂਆਂ, ਪੀਰਾਂ, ਸਾਧੂ, ਸੰਤਾਂ, ਮਹਾਂਪੁਰਸ਼ਾਂ ਨੇ ਵਿੱਦਿਆ 'ਤੇ ਬਹੁਤ ਜ਼ੋਰ ਦਿੱਤਾ। ਉਨ੍ਹਾਂ ਨੇ ਆਪਣੇ ਅਧਿਆਤਮਿਕ ਕੇਂਦਰਾਂ ਵਿਚ ਵੀ ਸਕੂਲ ਖੋਲ੍ਹ ਕੇ ਲੋਕਾਂ ਨੂੰ ਮੁਫ਼ਤ ਵਿੱਦਿਆ ਦਿੱਤੀ ਤਾਂ ਜੋ ਲੋਕਾਂ ਦਾ ਜੀਵਨ ਪੱਧਰ ਕੁਝ ਬਦਲ ਸਕੇ ਅਤੇ ਉਨ੍ਹਾਂ ਨੂੰ ਜੀਊਣ ਦੀ ਸੋਝੀ ਆ ਜਾਵੇ। ਗੁਲਾਮੀ ਦਾ ਮੁੱਖ ਕਾਰਨ ਹੀ ਵਿੱਦਿਆ ਤੋਂ ਸੱਖਣੇ ਹੋਣਾ ਹੈ। ਗੁਲਾਮ

ਕਰਨ ਲਈ ਸਭ ਤੋਂ ਸੁਖਾਲਾ ਰਸਤਾ ਇਹੀ ਹੈ ਕਿ ਲੋਕਾਂ ਨੂੰ ਪੜ੍ਹਾਈ ਤੋਂ ਦੂਰ ਕਰ ਦਿਓ। ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੇ ਸੰਵਿਧਾਨ ਬਣਾਉਂਦੇ ਸਮੇਂ ਵਿੱਦਿਆ ਨੂੰ ਮੁੱਢਲੇ ਅਧਿਕਾਰਾਂ ਵਿਚ ਰੱਖਿਆ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਅੱਜ ਵੀ ਭਾਰਤ ਦੀ ਬਹੁਤੀ ਜਨਤਾ ਮੁੱਢਲੀ ਪੜ੍ਹਾਈ ਤੋਂ ਮੁੱਖ ਮੋੜ ਲੈਂਦੀ ਹੈ। ਲੋਕ ਆਪਣੇ ਬੱਚਿਆਂ ਨੂੰ ਪੜ੍ਹਾਉਣ ਤੋਂ ਬਿਨਾਂ ਹੀ ਛੋਟੇ-ਛੋਟੇ ਕੰਮਾਂ ਵੱਲ ਧੱਕ ਦਿੰਦੇ ਹਨ। ਇੰਜ ਅਸੀਂ ਬੱਚਿਆਂ ਦੇ ਬਚਪਨ ਨਾਲ ਤਾਂ ਖਿਲਵਾੜ ਕਰਦੇ ਹੀ ਹਾਂ ਉਨ੍ਹਾਂ ਦੇ ਪੂਰਨ ਵਿਕਾਸ ਵਿਚ ਵੀ ਰੋੜਾ ਹੀ ਬਣਦੇ ਹਾਂ। ਸਮੇਂ-ਸਮੇਂ ਦੀਆਂ ਸਰਕਾਰਾਂ ਤਾਂ ਪਹਿਲਾਂ ਹੀ ਇਹੋ ਚਾਹੁੰਦੀਆਂ ਹਨ ਕਿ ਲੋਕਾਂ ਨੂੰ ਪੜ੍ਹਾਈ ਤੋਂ ਦੂਰ ਕਰਕੇ ਆਪਣਾ ਰਾਜ-ਭਾਗ ਬੇਸਮਝ ਲੋਕਾਂ 'ਤੇ ਕਾਇਮ ਰੱਖੀਏ।

ਆਓ ਅੱਜ ਜਿਥੇ ਅਸੀਂ ਰਹਿਬਰਾਂ ਦਾ ਪ੍ਰਕਾਸ਼ ਉਤਸਵ ਬੜੀ ਸ਼ਰਧਾ ਨਾਲ ਮਨਾਉਣ ਜਾ ਰਹੇ ਹਾਂ ਉਥੇ ਉਨ੍ਹਾਂ ਦੁਆਰਾ ਰੱਖੇ ਠੋਸ ਮਿਸ਼ਨ "ਜਾਤਾਂ-ਪਾਤਾਂ ਨੂੰ ਛੱਡ ਕੇ ਆਪਣੇ ਵਿਚ ਇਨਸਾਨੀਅਤ ਪੈਦਾ ਕਰਕੇ, ਚੰਗੀ ਤੇ ਸਮਾਜ ਉਸਾਰੂ ਸੋਚ ਨੂੰ ਅਪਣਾ ਕੇ ਆਪਣਾ ਜੀਵਨ ਪੱਧਰ ਉੱਚਾ ਤੇ ਸੁੱਚਾ ਕਰੀਏ।"

*—ਬਖਸ਼ੀ ਰਾਮ, ਪਿੰਡ ਦਰਾਵਾਂ, ਜ਼ਿਲਾ ਜਲੰਧਰ।*

# ਬੇਗ਼ਮਪੁਰਾ ਦੇ ਸੁਪਨ ਸਾਜ਼

ਗੁਰੂ ਰਵਿਦਾਸ ਜੀ ਨੇ ਬੇਗਮਪੁਰਾ ਦਾ ਸੁਪਨਾ ਹੀ ਨਹੀਂ ਸੀ ਲਿਆ ਸਗੋਂ ਆਪਣੇ ਸਮੇਂ ਦੌਰਾਨ ਬੇਗਮਪੁਰਾ ਵਸਾਇਆ ਵੀ ਜਿਸ ਦੇ ਤਹਿਤ ਗੁਰੂ ਰਵਿਦਾਸ ਜੀ ਨੇ ਆਪਣੇ ਸਿਧਾਂਤ ਮੁਤਾਬਕ ਵੱਡੇ-ਵੱਡੇ ਹੰਕਾਰੀ ਰਾਜਿਆਂ ਨੂੰ ਝੁਕਾਇਆ ਅਤੇ 52 ਰਾਜੇ ਗੁਰੂ ਰਵਿਦਾਸ ਜੀ ਦੇ ਸੇਵਕ ਬਣੇ ਪਰ ਉਹ ਬੇਗਮਪੁਰਾ ਸਾਡੇ ਸਮਾਜ ਤੋਂ ਸਦਾ ਲਈ ਵਿਛੜ ਗਿਆ। ਗੁਰੂ ਰਵਿਦਾਸ਼ ਜੀ ਨੂੰ ਆਉਣ ਵਾਲੇ ਸਮੇਂ ਦਾ ਪਤਾ ਸੀ ਅਤੇ ਉਨ੍ਹਾਂ ਆਪਣੀ ਦੂਰ ਦ੍ਰਿਸ਼ਟੀ ਮੁਤਾਬਕ ਉਸ ਬੇਗਮਪੁਰੇ ਦਾ ਸਿਧਾਂਤ ਦਿੱਤਾ ਜਿਸ ਦੇ ਮੁਤਾਬਕ ਅਸੀਂ ਉਨ੍ਹਾਂ ਦਾ ਵਸਾਇਆ ਹੋਇਆ ਬੇਗਮਪੁਰਾ ਦੁਬਾਰਾ ਵਸਾ ਸਕਦੇ ਹਾਂ। ਉਸ ਸਮੇਂ ਸਾਡੀ ਕੌਮ ਜ਼ਿਆਦਾ ਗਿਆਨਵਾਨ ਨਹੀਂ ਸੀ। ਇਸੇ ਕਰਕੇ ਗੁਰੂ ਰਵਿਦਾਸ ਜੀ ਨੇ ਸਾਨੂੰ ਆਪਣੀ ਬੁਧੀ ਦਾ ਵਿਕਾਸ ਕਰਨ ਦੇ ਲਈ ਗਿਆਨਵਾਨ ਹੋਣਾ ਜ਼ਰੂਰੀ ਸਮਝਿਆ। ਗੁਰੂ ਰਵਿਦਾਸ ਆਪਣੀ ਬਾਣੀ ਵਿਚ ਕਹਿੰਦੇ ਹਨ : "ਮਾਧੋ ਅਬਿਦਿਆ ਹਿਤ ਕੀਨ, ਬਿਬੇਕ ਦੀਪ ਮਲੀਨ" ਬੇਗਮਪੁਰਾ ਭਾਵ ਗਣਰਾਜ, ਆਪਣਾ ਰਾਜ, ਆਪਣੀ ਹੁਕਮਰਾਨੀ, ਇਸ ਹੁਕਮਰਾਨੀ ਦਾ ਸੰਕਲਪ ਸ੍ਰੀ ਗੁਰੂ ਰਵਿਦਾਸ ਜੀ ਨੇ ਲਿਆ। ਇਸ ਕਾਲਮ ਨੂੰ ਲਿਖਣ ਦਾ ਮਕਸਦ ਇਸ ਟ੍ਰੈਕਟ ਦੇ ਮਾਧਿਅਮ ਤੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਨਾਮਲੇਵਾ ਸੰਗਤ ਅੱਗੇ ਪ੍ਰਸ਼ਨ ਹੈ ਸਵਾਲ ਹੈ ਕਿ ਇਹ ਬੇਗਮਪੁਰਾ ਦਾ ਸੰਕਲਪ ਗੁਰੂ ਸਾਹਿਬ ਦਾ ਸ਼ਿਵਰਾਜ ਕਰਨ ਦਾ ਐਲਾਨਨਾਮਾ ਕੌਮ ਨੂੰ ਦਿੱਤਾ ਹੋਕਾ ਪੂਰਾ ਹੋ ਗਿਆ ਹੈ ਜਾਂ ਕਿ ਗੁਰੂ ਦੀ ਬੋਲੀ ਨੂੰ ਭਾਗ ਲੱਗ ਗਏ ਹਨ ?ਅਸੀਂ ਅੱਜ ਕਿਥੇ ਖੜ੍ਹੇ ਹਾਂ, ਕੀ ਅਸੀਂ ਉਹ ਵਿਛੜਿਆ ਬੇਗਮਪੁਰਾ ਦੁਬਾਰਾ ਵਸਾਉਣ ਦਾ ਉਪਰਾਲਾ ਕੀਤਾ ਹੈ। ਫਿਰ ਗੁਰੂ ਜੀ ਆਪਣੀ ਬਾਣੀ ਵਿਚ, ਆਪਣੇ ਸਿਧਾਂਤ ਵਿਚ ਲਿਖਦੇ ਹਨ ਸਤਿ ਸੰਗਤ ਮਿਲ ਰਹੀਏ ਮਾਧਉ, ਜੈਸੇ ਮਧੁਰ ਮਖੀਰਾ, ਗੁਰੂ ਰਵਿਦਾਸ ਜੀ ਨੇ ਆਪਣੀ ਚਾਹਤ ਮੁਤਾਬਕ ਕਿ ਮੇਰੀ ਕੌਮ ਮੇਰਾ ਸਮਾਜ ਬਿੱਲੇ ਭੂਮਣੇ ਦੀ ਤਰ੍ਹਾਂ ਇਕੱਠਾ ਰਹੇ, ਕੀ ਉਨ੍ਹਾਂ ਦੀ ਚਾਹਤ ਅੱਜ ਪੂਰੀ ਹੋ ਗਈ ਹੈ, ਅਸੀਂ ਕਿਥੇ ਖੜ੍ਹੇ ਹਾਂ ? ਕੀ ਗੁਰੂ ਰਵਿਦਾਸ ਜੀ ਨੇ ਸਾਡੇ ਸਮਾਜ ਨੂੰ ਸਰਾਪ ਦਿੱਤਾ ਹੋਇਆ ਹੈ ਕਿ ਇਹ ਕੌਮ ਇਕੱਠੀ ਨਹੀਂ ਹੋ ਸਕਦੀ। ਇਕੱਠੇ ਅਸੀਂ ਨਹੀਂ ਹੁੰਦੇ, ਬਿੱਲੇ ਭੂਮਣੇ ਅਸੀਂ ਨਹੀਂ ਬਣਦੇ ਪਰ ਕਸੂਰ ਗੁਰੂ ਰਵਿਦਾਸ ਜੀ ਦਾ ਕੱਢ ਰਹੇ ਹਾਂ।

ਮਾਧੋ ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ॥

ਆਪ ਗਿਆਨਵਾਨ ਹੋ ਕੇ ਆਪਣੀ ਔਲਾਦ ਨੂੰ ਗਿਆਨਵਾਨ ਨਹੀਂ ਬਣਾ ਸਕਦੇ।

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥

ਕੀ ਅਸੀਂ ਗੁਰੂ ਰਵਿਦਾਸ ਜੀ ਦਾ ਕਹਿਣਾ ਮੰਨਿਆ?

ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿਚ ਕਹਿੰਦੇ ਹਨ ਅਤੇ ਆਪਣੀ ਕੌਮ ਨੂੰ ਸੁਚੇਤ ਕਰਦੇ ਹਨ ਕਿ ਸ਼ਰਾਬ ਜੇਕਰ ਗੰਗਾ ਜਲ ਤੋਂ ਬਣੀ ਹੋਵੇ ਤਾਂ ਵੀ ਸਾਨੂੰ ਉਸਦਾ ਸੇਵਨ ਨਹੀਂ ਕਰਨਾ ਚਾਹੀਦਾ ਪਰ ਅਸੀਂ ਕਿਥੇ ਖੜ੍ਹੇ ਹਾਂ? ਜਦੋਂ ਗੁਰੂ ਰਵਿਦਾਸ ਜੀ ਦੇ ਬੇਗਮਪੁਰੇ ਦੀ ਗੱਲ ਆਉਂਦੀ ਹੈ ਤਾਂ ਅਸੀਂ ਛੋਟੇ-ਛੋਟੇ ਲਾਲਚਾਂ ਵਿਚ, ਸ਼ਰਾਬਾਂ ਵਿਚ ਫਸ ਜਾਂਦੇ ਹਾਂ।

**ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨਿ ਕੋ ਅੰਨ।**

**ਛੋਡ ਬਡੇ ਸਭ ਸਭਿ ਬਸੈ ਰਵਿਦਾਸ ਰਹੇ ਪ੍ਰਸੰਨ।**

ਜਿਹੜੇ ਲੋਕ ਗੁਰੂ ਰਵਿਦਾਸ ਜੀ ਦੇ ਠੇਕੇਦਾਰ ਬਣੇ ਹਨ, ਪੂਜਨੀਕ ਹਨ, ਸ਼ਰਧਾਲੂ ਬਣੇ ਹਨ ਕੀ ਉਨ੍ਹਾਂ ਨੇ ਇਹ ਰਾਜ ਲਿਆਉਣ ਦਾ ਸੰਕਲਪ ਲਿਆ ਹੈ, ਸਿਰਫ਼ ਮੱਥਾ ਟੇਕਣ ਤੱਕ ਹੀ ਸੀਮਤ ਹੈ ਸੁਪਨਾ ਪੂਰਾ ਕਰਨ ਲਈ ਨਹੀਂ। ਸਿਰਫ਼ ਆਪਣੇ ਘਰ ਬਣਾਉਣ ਵਿਚ ਲੱਗੇ ਹੋਏ ਹਨ, ਰਾਜ ਭਾਗ ਦੀ ਕੋਈ ਲੋੜ ਨਹੀਂ ਪਰ ਗੁਰੂ ਰਵਿਦਾਸ ਜੀ ਉਨ੍ਹਾਂ ਦੇ ਹੀ ਮਿੱਤਰ ਹਨ ਜੋ ਉਨ੍ਹਾਂ ਦੇ ਸੁਪਨੇ ਨੂੰ ਪੂਰਾ ਕਰਨ ਲਈ ਦਿਨ-ਰਾਤ ਲੱਗੇ ਹੋਏ ਹਨ। "**ਜੋ ਹਮ ਸਹਰੀ ਸੁ ਮੀਤੁ ਹਮਾਰਾ॥**"

ਆਉ ਗੁਰੂ ਰਵਿਦਾਸ ਜੀ ਦੇ ਪੈਰੋਕਾਰੋ, ਸੰਗਤੋ, ਜੋ ਗੁਰੂ ਰਵਿਦਾਸ ਜੀ ਨੇ ਸੁਪਨਾ ਲਿਆ ਹੈ ਉਸ ਨੂੰ ਪੂਰਾ ਕਰਨ ਦਾ ਸੰਕਲਪ ਕਰੀਏ ਤਾਂ ਹੀ ਅਸੀਂ ਗੁਰੂ ਜੀ ਦੇ ਸੱਚੇ ਸ਼ਰਧਾਲੂ ਹਾਂ, ਤਾਂ ਹੀ ਗੁਰੂ ਜੀ ਦੀ ਅਸੀਂ ਉਦਾਸੀ ਦੂਰ ਕਰ ਸਕਦੇ ਹਾਂ। "**ਪ੍ਰੇਮ ਭਗਤਿ ਨਾ ਉਪਜੈ ਤਾਂ ਰਵਿਦਾਸ ਉਦਾਸ॥**"

ਕੀ ਅਸੀਂ ਗੁਰੂ ਰਵਿਦਾਸ ਜੀ ਦੀ ਉਦਾਸੀ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਆਪਣੇ ਸਮਾਜ ਨਾਲ ਕਿੰਨਾ ਕੁ ਪ੍ਰੇਮ ਪਾ ਕੇ ਰੱਖਦੇ ਹਾਂ, ਕਿੰਨਾ ਕੁ ਸੁਖ ਦੁਖ ਵਿਚ ਸ਼ਰੀਕ ਹੁੰਦੇ ਹਾਂ। ਬਸ ਇਹੀ ਕਿ ਅਸੀਂ ਆਪਣੇ ਘਰ ਵਿਚ ਚੰਗਾ ਖਾਂਦੇ ਹਾਂ, ਚੰਗਾ ਪਹਿਨਦੇ ਹਾਂ, ਕਾਰ-ਗੱਡੀ ਹੈ, ਬੱਚੇ ਵਧੀਆ ਸਕੂਲਾਂ ਵਿਚ ਪੜ੍ਹਦੇ ਹਨ, ਅਸੀਂ ਕੀ ਲੈਣਾ ਹੈ ਸਮਾਜ ਤੋਂ। ਇਹ ਸਾਡੀ ਅਭੁੱਲ ਹੈ। ਧੰਨਵਾਦ।

*—ਜਸਵੀਰ ਸਿੰਘ ਬੰਗੜ ਅਤੇ ਰੇਸ਼ਮ ਲਾਲ ਚੁੰਬਰ, ਮੀਰਪੁਰ ਜੱਟਾਂ।*

*ਮੋਬਾਇਲ—94631-00532, 01823-694393*

# ਨਸ਼ੇ ਅਤੇ ਨੌਜੁਆਨ ਪੀੜ੍ਹੀ

ਕਿਸੇ ਵੀ ਦੇਸ਼ ਦੀ ਸਭਿਅਤਾ ਦਾ ਮਾਪਦੰਡ ਉਸ ਦੇਸ਼ ਦੇ ਸਮਾਜ ਦੀ ਨੌਜੁਆਨ ਪੀੜ੍ਹੀ ਨੂੰ ਸਮਝਿਆ ਜਾਂਦਾ ਹੈ। ਜਿਸ ਤਰ੍ਹਾਂ ਸਭਿਅ ਅਤੇ ਸਦਾਚਾਰੀ ਵਿਅਕਤੀਆਂ ਨਾਲ ਸਿਹਤਮੰਦ ਸਮਾਜ ਦਾ ਨਿਰਮਾਣ ਹੁੰਦਾ ਹੈ, ਇਸੇ ਤਰ੍ਹਾਂ ਸਵੱਸਥ ਅਤੇ ਨਰੋਈ ਯੁਵਕ ਪੀੜ੍ਹੀ ਨਾਲ ਮਜ਼ਬੂਤ ਦੇਸ਼ ਦਾ ਢਾਂਚਾ ਤਿਆਰ ਹੁੰਦਾ ਹੈ। ਦੂਸਰੇ ਸ਼ਬਦਾਂ ਵਿਚ ਦੇਸ਼ ਦੀ ਨੌਜੁਆਨ ਪੀੜ੍ਹੀ ਹੀ ਇਕ ਅਜਿਹੀ ਨੀਂਹ ਹੈ ਜਿਸ ਉਤੇ ਦੇਸ਼ ਦਾ ਮਜ਼ਬੂਤ ਨਿਰਮਾਣ ਕੀਤਾ ਜਾ ਸਕਦਾ ਹੈ। ਪਰੰਤੂ ਜਦੋਂ ਅਸੀਂ ਅੱਜ ਦੇ ਭਾਰਤ

ਦੀ ਤੁਲਨਾ ਪ੍ਰਾਚੀਨ ਭਾਰਤ ਦੇ ਨਾਗਰਿਕਾਂ ਨਾਲ ਕਰਦੇ ਹਾਂ ਤਾਂ ਮਨ ਨੂੰ ਗਹਿਰੀ ਸੱਟ ਵੱਜਦੀ ਹੈ ਕਿਉਂਕਿ ਅੱਜ ਦੀ ਨੌਜੁਆਨ ਪੀੜ੍ਹੀ ਪੁਰਾਤਨ ਭਾਰਤ ਦੀ ਨੌਜੁਆਨ ਪੀੜ੍ਹੀ ਨਾਲੋਂ ਭਿੰਨ ਹੈ। ਅੱਜ ਦਾ ਨੌਜੁਆਨ ਨਸ਼ਿਆਂ ਦੀ ਲੋਰ ਵਿਚ ਆ ਕੇ ਆਪਣੇ ਅਸਲੀ ਮਾਰਗ ਤੋਂ ਭਟਕਿਆ ਹੋਇਆ ਹੈ। ਆਜ਼ਾਦੀ ਤੋਂ ਪਹਿਲਾਂ ਜਾਂ ਦੋ ਤਿੰਨ ਦਹਾਕੇ ਬਾਅਦ ਵਿਚ ਭਾਰਤ ਦੇ ਨੌਜਆਨ ਵਰਗ ਉਤੇ ਨਜ਼ਰ ਮਾਰੀਏ ਤਾਂ ਸਾਡਾ ਨੌਜੁਆਨ ਵਰਗ ਇਕ ਆਦਰਸ਼ਵਾਦੀ ਅਤੇ ਗੁਣਾਂ ਨਾਲ ਭਰਪੂਰ ਸੀ, ਪਰ ਇਹ ਗੁਣ ਸਾਡੇ ਕੋਲ ਅੱਜ ਮੌਜੂਦ ਨਹੀਂ ਹਨ।

ਵੈਦਿਕ ਯੁੱਗ ਤੋਂ ਲੈ ਕੇ ਗੁਪਤ ਕਾਲ ਤੱਕ ਉਹ ਸਾਰੀਆਂ ਅੱਛਾਈਆਂ ਮੌਜੂਦ ਸਨ ਜੋ ਇਕ ਚੰਗੇ ਸਮਾਜ ਵਿਚ ਹੋਣੀਆਂ ਚਾਹੀਦੀਆਂ ਹਨ। ਚੀਨੀ ਯਾਤਰੀ ਫਾਹੀਯਾਨ ਅਤੇ ਸਮੇਂ-ਸਮੇਂ 'ਤੇ ਆਉਣ ਵਾਲੇ ਵਿਦੇਸ਼ੀ ਯਾਤਰੀਆਂ ਨੇ ਪ੍ਰਾਚੀਨ ਭਾਰਤ ਦੇ ਆਦਰਸ਼ਵਾਦੀ ਸਮਾਜ ਦੀ ਪ੍ਰਸ਼ੰਸਾ ਕੀਤੀ। ਪਰ ਅਜੋਕੇ ਨੌਜੁਆਨ ਵਰਗ ਨੇ ਨਸ਼ਈ ਵਿਕਾਰਾਂ ਵਿਚ ਫਸ ਕੇ ਭਾਰਤ ਦੇ ਅਸਲ ਜੀਵਨ ਨੂੰ ਸੁਪਨਾ ਜਿਹਾ ਬਣਾ ਦਿੱਤਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਦਾ ਹਰ ਇਕ ਮਨੁੱਖ ਦੇਸ਼ ਦਾ ਵੱਡਮੁੱਲਾ ਧਨ ਹੈ ਤੇ ਨੌਜੁਆਨ ਵਰਗ ਇਸ ਧਨ ਵਿਚ ਹੀਰਿਆਂ ਦੇ ਸਮਾਨ ਹੈ। ਦੁੱਖ ਦੀ ਗੱਲ ਹੈ ਕਿ ਇਹ ਹੀਰੇ ਨਸ਼ਿਆਂ ਦੀ ਲੋਰ ਵਿਚ ਬਰਬਾਦ ਹੁੰਦੇ ਜਾ ਰਹੇ ਹਨ। ਭਾਰਤੀ ਯੁਵਕਾਂ ਵਿਚ ਨਸ਼ਿਆਂ ਦੀ ਭੈੜੀ ਰੁਚੀ ਦਿਨੋ-ਦਿਨ ਵਧਦੀ ਜਾ ਰਹੀ ਹੈ। ਇਸ ਦਾ ਵਧੇਰੇ ਅਸਰ ਸਕੂਲਾਂ ਅਤੇ ਕਾਲਜਾਂ ਵਿਚ ਹੋਸਟਲਾਂ ਵਿਚ ਰਹਿੰਦੇ ਨੌਜੁਆਨਾਂ 'ਤੇ ਜ਼ਿਆਦਾ ਹੈ। ਇਸ ਨਾਲ ਨੌਜੁਆਨ ਪੀੜ੍ਹੀ ਜੋ ਕਿ ਦੇਸ਼ ਦੇ ਭਵਿੱਖ ਨੂੰ ਉਜਲਾ ਕਰਨ ਵਿਚ ਸਭ ਤੋਂ ਠੋਸ ਤੇ ਸਰਗਰਮ ਹਿੱਸਾ ਪਾਉਂਦੀ ਹੈ ਬੁਰੀ ਤਰ੍ਹਾਂ ਕੁਰਾਹੇ ਪੈ ਗਈ ਹੈ। ਇਸ ਤਰ੍ਹਾਂ ਉਹ ਆਪਣੇ ਆਪ ਨੂੰ ਬਰਬਾਦ ਨਹੀਂ ਕਰ ਰਹੇ ਸਗੋਂ ਸਮੁੱਚੇ ਦੇਸ਼ ਦੀ ਗਿਰਾਵਟ ਦਾ ਕਾਰਨ ਬਣ ਰਹੇ ਹਨ। ਕਦੇ ਸਮਾਂ ਹੁੰਦਾ ਸੀ ਜਦੋਂ ਹਜ਼ਰਤ ਮੁਹੰਮਦ ਸਾਹਿਬ ਨੇ ਇਸ ਭਾਰਤ ਵੱਲ ਮੂੰਹ ਕਰਕੇ ਕਿਹਾ ਸੀ ਕਿ ਮੈਨੂੰ ਇਧਰੋਂ ਖੁਦਾ ਦੀ ਖੁਸ਼ਬੂ ਆ ਰਹੀ ਹੈ। ਮੁਹੰਮਦ ਸਾਹਿਬ ਦੇ ਇਨ੍ਹਾਂ ਕਹੇ ਹੋਏ ਸ਼ਬਦਾਂ ਨੂੰ ਆਧਾਰ ਬਣਾ ਕੇ ਡਾ: ਇਕਬਾਲ ਨੇ ਭਾਰਤ ਬਾਰੇ ਆਖਿਆ—

**ਮੀਰੇ ਅਰਬ ਕੋ ਆਈ ਠੰਢੀ ਹਵਾ ਜਹਾਂ ਸੇ**
**ਮੇਰਾ ਵਤਨ ਵੁਹੀ ਹੈ, ਮੇਰਾ ਵਤਨ ਵੁਹੀ ਹੈ।**

ਮੁਹੰਮਦ ਸਾਹਿਬ ਵਰਗੇ ਪੈਗੰਬਰ ਅਤੇ ਡਾ: ਇਕਬਾਲ ਵਰਗੇ ਮਹਾਨ ਸ਼ਾਇਰ ਅੱਜ ਇਸ ਦੁਨੀਆਂ ਵਿਚ ਮੌਜੂਦ ਹੁੰਦੇ ਤਾਂ ਇਸ ਤਬਾਹੀ ਵੱਲ ਜਾ ਰਹੇ ਭਾਰਤ ਨੂੰ ਦੇਖ ਕੇ ਕੁਰਲਾ ਉਠਦੇ। ਪਿੰਡਾਂ ਵਿਚ ਜਾ ਕੇ ਦੇਖੋ ਕਿਸ ਤਰ੍ਹਾਂ ਨੌਜੁਆਨ ਪੀੜ੍ਹੀ ਬੋਹੜਾਂ ਦੇ ਥੜ੍ਹਿਆਂ 'ਤੇ, ਬੱਸ ਅੱਡਿਆਂ ਅਤੇ ਚੌਕਾਂ ਵਿਚ ਤਾਸ਼ ਜੂਏ ਖੇਡ ਰਹੇ ਹਨ, ਪਿੰਡਾਂ ਦੀ ਲੜਾਈ ਦਾ ਮੁੱਖ ਕਾਰਨ ਹਨ। ਇਨ੍ਹਾਂ ਨੌਜੁਆਨਾਂ ਦੀਆਂ ਭੈਣਾਂ ਖੇਤਾਂ ਵਿਚ ਮਿਹਨਤ ਮਜ਼ਦੂਰੀ ਕਰਦੀਆਂ ਹਨ ਅਤੇ ਇਹ ਵਿਹਲੇ ਸ਼ਰਾਬਾਂ ਪੀਂਦੇ ਅਤੇ ਕਈ ਤਰ੍ਹਾਂ ਦੀਆਂ ਨਸ਼ੀਲੀਆਂ ਦਵਾਈਆਂ ਕੈਮਿਸਟਾਂ ਦੀਆਂ ਦੁਕਾਨਾਂ ਤੋਂ ਲੈ ਕੇ ਪੀਂਦੇ ਹਨ।

ਇਨ੍ਹਾਂ ਸਾਰੇ ਨਸ਼ਿਆਂ ਵਿਚੋਂ ਸਿਗਰੇਟ ਬੀੜੀ ਪੀਣ ਦਾ ਰਿਵਾਜ ਇੰਨਾ ਜ਼ਿਆਦਾ ਹੈ ਕਿ ਜਿਸਦਾ ਸਾਹਮਣਾ ਕਰਨਾ ਬਹੁਤ ਮੁਸ਼ਕਿਲ ਹੈ। ਭਾਵੇਂ ਸਕੂਲਾਂ ਵਿਚ ਲਿਖਿਆ ਹੁੰਦਾ ਹੈ ਕਿ ਤੰਬਾਕੂ ਸਿਹਤ ਲਈ ਹਾਨੀਕਾਰਕ ਹੈ ਫਿਰ ਵੀ ਬਹੁਤ ਸਾਰੇ ਅਧਿਆਪਕ ਆਪ ਇਸ ਦਾ ਸੇਵਨ ਕਰਦੇ ਹਨ। ਸਭ ਕੁਝ ਸਮਝਦਿਆਂ ਹੋਇਆਂ ਵੀ ਉਹ ਵਿਦਿਆਰਥੀਆਂ ਨੂੰ ਰੋਕ ਨਹੀਂ ਸਕਦੇ ਕਿਉਂਕਿ ਜੇ ਸਿਖਿਆ ਦੇਣ ਵਾਲਾ ਹੀ ਉਸ ਸਿਖਿਆ 'ਤੇ ਅਮਲ ਨਾ ਕਰੇ ਤਾਂ ਸਿਖਿਆਰਥੀਆਂ ਨੇ ਸਿਖਿਆ

ਕੀ ਗ੍ਰਹਿਣ ਕਰਨੀ ਹੈ। ਇਸ ਲਈ ਅਧਿਆਪਕਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਅਜਿਹੇ ਮਾਰੂ ਰੋਗਾਂ ਤੋਂ ਬਚਾਉਣ ਲਈ ਅਹਿਮ ਭੂਮਿਕਾ ਨਿਭਾਉਣ। ਅਗਰ ਨਸ਼ਿਆਂ ਦਾ ਸਿਲਸਿਲਾ ਇਸੇ ਤਰ੍ਹਾਂ ਹੀ ਜਾਰੀ ਰਿਹਾ ਤਾਂ ਸਮੁੱਚਾ ਰਾਸ਼ਟਰ ਹੀ ਬਰਬਾਦ ਹੋ ਜਾਵੇਗਾ।

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥

(ਪੰਨਾ ੧੨੯੩)

ਸਾਡੇ ਸਾਰੇ ਧਾਰਮਿਕ ਗ੍ਰੰਥਾਂ ਵਿਚ ਨਸ਼ਿਆਂ ਦੀ ਸਖ਼ਤ ਨਿੰਦਾ ਕੀਤੀ ਗਈ ਹੈ ਕਿਉਂਕਿ ਇਹ ਨਸ਼ੇ ਮਨੁੱਖ ਨੂੰ ਪਸ਼ੂ ਬਿਰਤੀ ਵਾਲਾ ਬਣਾ ਕੇ ਬਰਬਾਦੀ ਦੇ ਰਸਤੇ ਉੱਪਰ ਚੱਲਣ ਲਈ ਮਜਬੂਰ ਕਰਦੇ ਹਨ। ਭਗਤ ਕਬੀਰ ਜੀ ਨਸ਼ਿਆਂ ਦੀ ਆਲੋਚਨਾ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਫ਼ੁਰਮਾਨ ਕਰਦੇ ਹਨ :

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥ (ਪੰਨਾ ੧੩੭੭)

ਸ਼ਰਾਬ ਬਾਰੇ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਬਿਹਾਗੜਾ ਰਾਗ ਵਿਚ ਫ਼ੁਰਮਾਉਂਦੇ ਹਨ :

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥
ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ॥ (ਪੰਨਾ ੫੫੪)

ਇਸ ਲਈ ਨਸ਼ਿਆਂ ਤੋਂ ਸਾਨੂੰ ਸਭ ਨੂੰ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਸਰੀਰਕ ਦੁੱਖ ਕਦੇ ਨਸ਼ਿਆਂ ਨਾਲ ਦੂਰ ਨਹੀਂ ਹੁੰਦੇ ਸਗੋਂ ਦੁੱਖ ਨੂੰ ਨੇੜੇ ਲਿਆਉਂਦੇ ਹਨ। ਮਹਾਂਪੁਰਸ਼ਾਂ ਨੇ ਤਾਂ ਦੁੱਖ-ਸੁੱਖ ਨੂੰ ਸਮਤਾ ਬਖ਼ਸ਼ੀ ਹੈ, ਉਨ੍ਹਾਂ ਅਨੁਸਾਰ ਮਨੁੱਖੀ ਜੀਵਨ, ਸੁੱਖ-ਦੁੱਖ, ਆਸ਼ਾ-ਨਿਰਾਸ਼ਾ ਦੀਆਂ ਵਿਰੋਧੀ ਧਾਰਾਵਾਂ ਦਾ ਸੁੰਦਰ ਸੁਮੇਲ ਹੈ। ਇਹ ਦੋਵੇਂ ਹੀ ਸਾਨੂੰ ਰਚਨਾ ਨਾਲ ਬੰਨ੍ਹੀ ਰੱਖਦੇ ਹਨ। ਸੋ ਨੌਜੁਆਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਆਜ਼ਾਦ ਭਾਰਤ ਦੀ ਖੁਸ਼ਹਾਲੀ ਲਈ ਆਪਣਾ ਪੂਰਾ-ਪੂਰਾ ਯੋਗਦਾਨ ਪਾਉਣ।

ਵਿਦਿਆਰਥੀਆਂ ਅਤੇ ਦੇਸ਼ ਦੇ ਹੋਰ ਯੁਵਕਾਂ ਨੂੰ ਚੰਗੇ ਪਾਸੇ ਲਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਨੂੰ ਚੰਗੀਆਂ ਪੁਸਤਕਾਂ ਪੜ੍ਹਨ ਵੱਲ ਪ੍ਰੇਰਿਤ ਕਰੇ, ਪਿੰਡਾਂ ਵਿਚ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਜਾਣ ਅਤੇ ਉਨ੍ਹਾਂ ਵਿਚ ਚੰਗਾ ਸਾਹਿੱਤ ਮੁਹੱਈਆ ਕੀਤਾ ਜਾਵੇ।

ਨੌਜੁਆਨ ਵੀਰੋ! ਆਓ ਆਪਾਂ ਵੀ ਪ੍ਰਣ ਕਰੀਏ ਕਿ ਜਿਸ ਭਾਰਤ ਦੀ ਆਜ਼ਾਦੀ ਲਈ ਸ਼ਹੀਦਾਂ ਨੇ ਖ਼ੂਨ ਡੋਲ੍ਹਿਆ ਹੈ, ਜਿਸ ਭਾਰਤ ਦੇ ਲੋਕਾਂ ਦੇ ਸਰਬੱਤ ਦੇ ਭਲੇ ਲਈ ਸਾਡੇ ਮਹਾਨ ਗੁਰੂਆਂ ਨੇ ਸਾਰਾ ਜੀਵਨ ਲਾਇਆ ਹੈ ਅਤੇ ਬੇਗਮਪੁਰੇ ਦੀ ਕਲਪਨਾ ਕੀਤੀ ਹੈ ਉਸਦੀ ਤਰੱਕੀ ਅਤੇ ਖੁਸ਼ਹਾਲੀ ਲਈ ਸਿਹਤਮੰਦ ਸਮਾਜ ਦੀ ਸਿਰਜਣਾ ਕਰੀਏ ਅਤੇ ਨਸ਼ਿਆਂ ਤੋਂ ਪ੍ਰਹੇਜ਼ ਕਰੀਏ।

*—ਕਾਂਸ਼ੀ ਰਾਮ ਕਲੇਰ, ਸਰਪੰਚ ਪਿੰਡ ਜੰਡੂ ਸਿੰਘਾ, ਜਲੰਧਰ।*

# ਗੁਰਬਾਣੀ ਇਸੁ ਜਗ ਮਹਿ ਚਾਨਣੁ

ਦੇਖਣ ਵਿਚ ਆਉਂਦਾ ਹੈ ਕਿ ਅਸੀ ਗੁਰੂ ਘਰ ਕੇਵਲ ਮੱਥਾ ਟੇਕਣ ਹੀ ਜਾਂਦੇ ਹਾਂ। ਉਥੇ ਕਿਹੜੀ ਬਾਣੀ ਪੜ੍ਹੀ ਜਾ ਰਹੀ ਹੈ, ਉਸ ਦਾ ਉਪਦੇਸ਼ ਕੀ ਹੈ ਇਸ ਨਾਲ ਸਾਨੂੰ ਬਹੁਤਾ ਮਤਲਬ ਨਹੀਂ ਹੁੰਦਾ। ਸਾਨੂੰ ਪਾਠੀ ਪਾਠ ਸਿਰਫ ਗੁਣਗੁਣਾਉਂਦਾ ਹੀ ਸੁਣਾਈ ਦਿੰਦਾ ਹੈ। ਅਸੀਂ ਪਾਠ ਸੁਣ ਕੇ ਬੋਰ ਹੋ ਜਾਂਦੇ ਹਾਂ, ਇਥੋਂ ਤੱਕ ਕਿ ਕੀਰਤਨ ਸੁਣ ਕੇ ਵੀ ਸਾਨੂੰ ਆਨੰਦ ਨਹੀਂ ਆਉਂਦਾ, ਅਜੇਹਾ ਹੀ ਹੁੰਦਾ ਹੈ। ਮਨ ਵਿਚ ਸਿਰਫ ਇਹੋ ਹੈ ਕਿ ਹਾਜ਼ਰੀ ਲਗਵਾਉਣ ਆਏ ਹਾਂ। ਕੁਝ ਲੋਕ ਤਾਂ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਉਸ ਸਮੇਂ ਜਾਂਦੇ ਹਨ ਜਦੋਂ ਭੋਗ ਪੈਣ ਵਾਲਾ ਜਾਂ ਸਮਾਗਮ ਦੀ ਸਮਾਪਤੀ ਹੋਣ ਵਾਲੀ ਹੋਵੇ। ਇਸ ਤੋਂ ਪਹਿਲਾ ਸਮਾਂ ਉਹ ਗੁਰੂ ਘਰ, ਪੰਡਾਲ ਤੋਂ ਬਾਹਰ ਆਸ-ਪਾਸ ਖੜ੍ਹੇ ਹੋ ਕੇ ਗੁਜ਼ਾਰਦੇ ਹਨ। ਸਾਡੀ ਇਹ ਭਾਵਨਾ ਤਾਂ ਹੈ ਕਿ ਗੁਰੂ ਸਾਹਿਬ ਦਾ ਕੜਾਹ ਪ੍ਰਸ਼ਾਦ ਜ਼ਰੂਰ ਲੈਣਾ ਹੈ ਪਰ ਗੁਰਬਾਣੀ ਦਾ ਪ੍ਰਸ਼ਾਦ ਲੈਣ ਦੀ ਲਾਲਸਾ ਨਹੀਂ ਹੁੰਦੀ। ਸਾਡੀ ਸੁਰਤੀ ਤਾਂ ਬਸ ਉਥੇ ਲੱਗੀ ਹੁੰਦੀ ਹੈ ਕਿ ਰਾਗੀ ਜਾਂ ਪਾਠੀ ਕਦੋਂ ਫਤਹਿ ਬੁਲਾਵੇ ਤੇ ਅਸੀ ਫਰੀ ਹੋਈਏ। ਇਹੀ ਕਾਰਨ ਹੈ ਕਿ ਅੱਜ ਧਾਰਨਾ ਵਾਲੇ ਕੀਰਤਨ ਜਾਂ ਕੱਚੀ ਬਾਣੀ ਭਾਵ ਆਪੂੰ ਲਿਖੀ ਰਚਨਾ ਦੇ ਕੀਰਤਨ ਸੁਣਨ ਵਿਚ ਦਿਲਚਸਪੀ ਜ਼ਿਆਦਾ ਲਈ ਜਾਂਦੀ ਹੈ। ਇਸ ਸਭ ਕਾਜੇ ਦਾ ਕਾਰਨ ਇਹੋ ਹੈ ਕਿ ਸਾਡੇ ਵਿਚ ਗੁਰਬਾਣੀ ਨੂੰ ਪੜ੍ਹਨ, ਸੁਣਨ ਤੇ ਸਮਝਣ ਦੀ ਲਾਲਸਾ, ਦਿਲਚਸਪੀ ਨਹੀਂ ਹੈ ਜੋ ਕਿ ਸਾਡੀ ਬਦਕਿਸਮਤੀ ਦਾ ਪ੍ਰਤੀਕ ਹੈ। ਕਿਉਂਕਿ ਗੁਰਬਾਣੀ ਨੇ ਹੀ ਸਾਨੂੰ ਸਹੀ ਸੇਧ ਦੇਣੀ ਹੈ। ਸਾਡੇ ਜੀਵਨ ਨੂੰ ਸੰਵਾਰਨਾ ਹੈ। ਗੁਰਬਾਣੀ ਤੋਤੇ ਦੀ ਰਟ ਵਾਂਗ ਵੀ ਨਹੀ ਹੋਣੀ ਚਾਹੀਦੀ ਜਿਵੇਂ ਅਕਸਰ ਅਸੀਂ ਕਰਦੇ ਹਾਂ ਕਿ ਸਵੇਰੇ-ਸ਼ਾਮ ਬੈਠ ਕੇ ਤੇਜ਼-ਤੇਜ਼ ਪਾਠ ਕਰ ਲਿਆ ਤੇ ਬਸ ਠੀਕ ਹੈ। ਨਹੀਂ ਭਾਈ! ਇਹ ਤਾਂ ਸਹਿਜੇ-ਸਹਿਜੇ ਅਨੰਦ ਲੈ ਕੇ ਪੜ੍ਹਨ ਤੇ ਸਮਝਣ ਵਾਲੀ ਹੈ।

ਭਾਈ! ਗੱਲ ਤਾਂ ਇਹ ਵੀ ਠੀਕ ਹੈ ਕਿ ਜਦ ਤੁਹਾਨੂੰ ਗੁਰਬਾਣੀ ਦੀ ਸਮਝ ਹੀ ਨਹੀਂ ਲਗਦੀ, ਪੜ੍ਹਨ ਵਿਚ ਅਨੰਦ ਨਹੀਂ ਆਉਂਦਾ, ਫਿਰ ਪੜ੍ਹਨ ਦਾ ਕੀ ਫਾਇਦਾ? ਨਹੀਂ ਭਾਈ! ਤੁਹਾਨੂੰ ਇਸ ਸਮੱਸਿਆ ਦਾ ਹੱਲ ਲੱਭਣਾ ਚਾਹੀਦਾ ਹੈ। ਇਕ ਹੱਲ ਇਹ ਹੈ ਕਿ ਹਰ ਰੋਜ਼ ਇਕਾਗਰ ਮਨ ਨਾਲ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਪਾਠ ਸ਼ੁਰੂ ਕਰੋ। ਹਫਤੇ ਦਸ ਦਿਨ ਵਿਚ ਤੁਹਾਡੀ ਰੁਚੀ ਬਣਨ ਲੱਗ ਜਾਵੇਗੀ। ਫਿਰ ਹੌਲੀ-ਹੌਲੀ ਤੁਹਾਨੂੰ ਇਸ ਵਿਚੋਂ ਆਨੰਦ ਆਉਣ ਲੱਗ ਜਾਵੇਗਾ। ਹੁਣ ਇਸ ਬਾਣੀ ਦੇ ਸਟੀਕ ਜਿਹੜਾ ਕਿਸੇ ਚੰਗੇ ਲੇਖਕ ਨੇ ਲਿਖਿਆ ਹੋਵੇ, ਤੋਂ ਇਸ ਬਾਣੀ ਦੇ ਭਾਵ ਅਰਥ ਸਿਖੋ। ਹੌਲੀ-ਹੌਲੀ ਤੁਹਾਨੂੰ ਗੁਰੂ ਜੀ ਦੀ ਕਹੀ ਹੋਈ ਗੱਲ ਸਮਝ ਆਉਣ ਲੱਗ ਜਾਵੇਗੀ।

ਤੁਸੀਂ ਹੈਰਾਨ ਹੋਵੋਗੇ ਕਿ ਗੁਰੂ ਸਾਹਿਬ ਨੇ ਤੁਹਾਡੇ ਜੀਵਨ ਨੂੰ ਸਫ਼ਲ ਬਣਾਉਣ ਲਈ ਵਧੀਆ ਸਿਧਾਂਤਕ ਫਲਸਫਾ ਪ੍ਰਦਾਨ ਕੀਤਾ। ਫਿਰ ਆਪ ਮੁਹਾਰੇ ਤੁਹਾਡੇ ਮੂੰਹ ਵਿਚੋਂ ਵਾਹਿਗੁਰੂ-ਵਾਹਿਗੁਰੂ ਨਿਕਲੇਗਾ। ਹੁਣ ਤੁਹਾਨੂੰ ਗੁਰਬਾਣੀ ਦੀ ਸਮਝ ਪੈਣ ਲੱਗ ਪਈ ਹੈ। ਹੁਣ ਤੁਹਾਨੂੰ ਗੁਰਬਾਣੀ ਦਾ ਪਾਠ ਬੋਰ ਨਹੀਂ ਕਰੇਗਾ। ਹੁਣ ਇਸ ਬਾਣੀ ਨੂੰ ਉੱਚੀ-ਉੱਚੀ ਗਾ-ਗਾ ਕੇ ਮਸਤ ਹੋ ਕੇ ਪੜ੍ਹੋ। ਗੁਰਬਾਣੀ ਦਾ ਕੀਰਤਨ ਸੁਰ ਤੇ ਤਾਲ ਨਾਲ ਆਪ ਕਰੋ। ਹੁਣ ਤੁਸੀਂ ਇਸ ਵਿਚੋਂ ਬਹੁਤ ਜ਼ਿਆਦਾ ਅਨੰਦ ਪ੍ਰਾਪਤ ਕਰੋਗੇ। ਇਹ ਅਨੰਦ ਤੁਸੀਂ ਹਰ ਰੋਜ਼ ਲੈ ਸਕਦੇ ਹੋ। ਇਸ ਤੋਂ ਉਪਰਲੀ ਸਟੇਜ ਤੇ ਤੁਸੀਂ ਜਿਹੜੇ ਆਨੰਦ ਦੇ ਸਾਗਰ ਵਿਚ ਡੁਬਕੀਆਂ ਲਗਾਓਗੇ ਉਸ ਬਾਰੇ ਬਿਆਨ ਨਹੀਂ ਕੀਤਾ ਜਾ ਸਕਦਾ।

—ਚਰਨਜੀਤ ਸਿੰਘ, ਬਿਨਪਾਲਕੇ, ਜਲੰਧਰ।

ਗੀਤ

# ਰਵਿਦਾਸ ਗੁਰੂ

—ਗੁਰਬਖ਼ਸ਼ ਸਿੰਘ ਬਖ਼ਸ਼ੀ*

ਰਵਿਦਾਸ ਗੁਰੂ ਤੇਰੀ ਜੈ ਹੋਵੇ
ਹਰ ਸਾਹ ਨਾਲ ਤੇਰਾ ਨਾਮ ਲਵਾਂ
ਹੋਰ ਨਾਮ ਨਾ ਕੋਈ ਲੈ ਹੋਵੇ।
ਰਵਿਦਾਸ ਗੁਰੂ...

ਮੈਨੂੰ ਆਪਣੇ ਨਾਮ ਦੀ ਦਾਤ ਦਿਓ,
ਅਤੇ ਚਰਨਾਂ ਦੇ ਵਿਚ ਵਾਸ ਦਿਓ।
ਤੇਰੇ ਨਾਮ ਬਿਨਾਂ ਮੈਥੋਂ ਐ, ਸਤਿਗੁਰ,
ਨਾ ਉੱਠ ਹੋਵੇ ਨਾ ਬਹਿ ਹੋਵੇ....।
ਰਵਿਦਾਸ ਗੁਰੂ...

ਤੂੰ ਮਾਣ ਤੋੜਿਆ ਪੰਡਤਾਂ ਦਾ
ਅਤੇ ਰਹਿਬਰ ਬਣਿਓਂ ਸੰਗਤਾਂ ਦਾ।
ਤੇਰੇ ਜੀਵਨ ਦੀ ਅਕੱਥ-ਕਥਾ
ਜੇ ਮੈਂ ਕਹਿਣ ਲੱਗਾਂ, ਨਾ ਕਹਿ ਹੋਵੇ।
ਰਵਿਦਾਸ ਗੁਰੂ...

ਬੜੇ ਪੀਰ ਪੈਗੰਬਰ ਦੇਖੇ ਆ,
ਇਹ ਜਨਮ ਤੁਮਾਰੇ ਲੇਖੇ ਆ
ਤੂੰ ਹਰਦਮ ਮੇਰੇ ਨਾਲ ਰਹੇਂ,
ਤੇਰੇ ਬਾਝ ਨਾ ਮੈਥੋਂ ਰਹਿ ਹੋਵੇ।
ਰਵਿਦਾਸ ਗੁਰੂ...

ਤੂੰ ਪਾਕਿ ਪਵਿੱਤਰ ਗੰਗਾ ਤੋਂ,
ਤੂੰ ਜਾਣੂੰ ਰੱਬ ਦੇ ਰੰਗਾਂ ਤੋਂ,
ਜੋ ਤੇਰੇ ਭੈਅ ਵਿਚ ਰਹੇ ਸਤਿਗੁਰੂ
ਓਹਨੂੰ ਹੋਰ ਨਾ ਕੋਈ ਭੈਅ ਹੋਵੇ।
ਰਵਿਦਾਸ ਗੁਰੂ ਤੇਰੀ ਜੈ ਹੋਵੇ!

*59, ਖੁਰਲਾ ਕਿੰਗਰਾ, ਜਲੰਧਰ।

# ਸ਼ਰਧਾਂਜਲੀ

ਸ: ਮੱਘਰ ਸਿੰਘ ਰਿਟਾਇਰਡ ਐੱਸ.ਆਈ. ਪੁਲਿਸ ਇਕ ਕੌਮੀ ਲੇਖਕ ਅਤੇ ਸਮਾਜ ਸੁਧਾਰਕ ਸਨ। ਆਪ ਨੇ ਸਾਰੀ ਉਮਰ ਪੁਲਿਸ ਦੀ ਨੌਕਰੀ ਕੀਤੀ ਅਤੇ ਸਾਫ ਸੁਥਰਾ ਜੀਵਨ ਬਿਤਾਇਆ। ਆਪ ਦੀ ਕਲਮ ਵਿਚ ਅੰਤਾਂ ਦੀ ਰਵਾਨਗੀ ਸੀ। ਆਪ ਦੇ ਅਖਬਾਰਾਂ ਵਿਚ ਛਪਦੇ ਲੇਖਾਂ ਦੇ ਹਜ਼ਾਰਾਂ ਪਾਠਕ ਸਨ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਦੇ ਆਪ ਮੁੱਖ ਸਲਾਹਕਾਰ ਸਨ। ਵਡੇਰੀ ਉਮਰ ਭੋਗ ਕੇ ਆਪ 25-8-2007 ਨੂੰ ਅਕਾਲ ਚਲਾਣਾ ਕਰ ਗਏ। ਪਿੱਛੇ ਪਤਨੀ ਸ੍ਰੀਮਤੀ ਕਰਤਾਰ ਕੌਰ, ਸ: ਦਲਜੀਤ ਸਿੰਘ (ਪੁੱਤਰ), ਸ: ਅਮਰਜੀਤ ਸਿੰਘ (ਪੁੱਤਰ), ਸ: ਤਰਨਜੀਤ ਸਿੰਘ (ਪੁੱਤਰ), ਸ: ਜਸਵੀਰ ਸਿੰਘ (ਪੁੱਤਰ) ਅਤੇ ਭਰਿਆ ਖੁਸ਼ਹਾਲ ਪਰਿਵਾਰ ਛੱਡ ਗਏ। ਆਪ ਦੇ ਤੁਰ ਜਾਣ ਨਾਲ ਜਿੱਥੇ ਪਰਿਵਾਰ ਨੂੰ ਘਾਟਾ ਪਿਆ ਹੈ, ਉੱਥੇ ਸਮੂਹ ਸਮਾਜ ਅਤੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਰਜਿ:) ਨੂੰ ਵੀ ਅਸਹਿ ਘਾਟਾ ਪਿਆ ਹੈ। ਸੰਸਥਾ ਦੀ ਹਰ ਮੀਟਿੰਗ ਵਿਚ ਸ: ਮੱਘਰ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ। ਉਨ੍ਹਾਂ ਦੇ ਲੇਖਾਂ ਦੀ ਪੁਸਤਕ ਛਾਪਣ ਬਾਰੇ ਵੀ ਉਪਰਾਲਾ ਕਰਨਾ ਚਾਹੀਦਾ ਹੈ।

## ਸ਼ਬਦ ਦੀ ਵਿਆਖਿਆ.......(ਸਫ਼ਾ 1 ਦੀ ਬਾਕੀ)

(ਸਫ਼ਾ 1 ਦੀ ਬਾਕੀ)

ਸਤਿਗੁਰੂ ਰਵਿਦਾਸ ਮਹਾਰਾਜ ਜੀ ਮਾਨਵਤਾ ਨੂੰ ਉਪਦੇਸ਼ ਦਿੰਦੇ ਹਨ ਕਿ ਪ੍ਰਮਾਤਮਾ ਦੀ ਪ੍ਰਾਪਤੀ ਦਾ ਰਸਤਾ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਬੰਧਨਾਂ ਕਾਰਨ ਔਖਾ ਹੈ। ਜੀਵ ਦਾ ਮਨ-ਰੂਪੀ ਬੈਲ ਉਸ ਅਕਾਲ ਪੁਰਖ ਦੀ ਕ੍ਰਿਪਾ ਨਾਲ ਇਹ ਔਖੀ ਮੰਜ਼ਿਲ ਤਹਿ ਕਰਕੇ ਪ੍ਰਮਾਤਮਾ ਨੂੰ ਮਿਲ ਸਕਦਾ ਹੈ।

ਜਿਵੇਂ ਇਕ ਗੁਣ-ਹੀਣ ਬੈਲ ਬਿਖੜਾ ਪਹਾੜੀ ਸੰਘਣਾ ਰਸਤਾ ਤਹਿ ਕਰਕੇ ਆਪਣੀ ਮੰਜ਼ਿਲ ਦੀ ਪ੍ਰਾਪਤੀ ਨਹੀਂ ਕਰ ਸਕਦਾ, ਇਸੇ ਤਰ੍ਹਾਂ ਪ੍ਰਮਾਤਮਾ ਜੀ ਮਾਨਸ ਜਨਮ ਪ੍ਰਾਪਤ ਕਰਕੇ ਆਪ ਨੂੰ ਮਿਲਣ ਦਾ ਰਸਤਾ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਕਾਰਨ ਬਹੁਤ ਖਤਰਨਾਕ ਅਤੇ ਪਹਾੜੀ ਵਾਂਗ ਕਠਿਨ ਹੈ ਤੇ ਜੰਗਲ ਵਾਂਗ ਘਣਾ ਹੈ। ਇਸ ਰਸਤੇ ਤੋਂ ਲੰਘਣ ਵਾਲੇ ਜੀਵ ਦਾ ਮਨ-ਰੂਪੀ ਬੈਲ ਬਹੁਤ ਕਮਜ਼ੋਰ ਹੈ। ਹੇ ਪ੍ਰਮਾਤਮਾ ਜੀ ਮੇਰੀ ਆਪ ਜੀ ਅੱਗੇ ਬੇਨਤੀ ਹੈ ਕਿ ਮੇਰੀ ਸੁਆਸਾਂ ਰੂਪੀ ਪੂੰਜੀ ਦੀ ਰੱਖਿਆ ਕਰੋ ਜੋ ਕਾਮ, ਕ੍ਰੋਧ, ਲੋਭ, ਹੰਕਾਰ ਕਰਕੇ ਵਿਅਰਥ ਜਾ ਰਹੀ ਹੈ।

ਜੇਕਰ ਰਾਮ ਨਾਮ ਦਾ ਵਣਜ ਕਰਨ ਵਾਲਾ ਕੋਈ ਵਪਾਰੀ ਹੈ ਤਾਂ ਮੇਰੇ ਪਾਸ ਆ ਕੇ ਪ੍ਰਮਾਤਮਾ ਦੇ ਰਾਮ-ਨਾਮ ਦਾ ਵਪਾਰ ਕਰ ਲਵੇ। ਮੇਰਾ ਟਾਂਡਾ ਪ੍ਰਮਾਤਮਾ ਦੇ ਨਾਮ ਨਾਲ ਲੱਦਿਆ ਹੋਇਆ ਹੈ।

ਮੈਂ ਸੰਸਾਰ ਵਿਚ ਤੁਰੀਆ ਅਵਸਥਾ ਦਾ ਵਪਾਰ ਕਰਦਾ ਹਾਂ ਜੋ ਕਿ ਸੰਸਾਰ ਵਿਚ ਜਾਤ-ਪਾਤ, ਛੂਆ-ਛਾਤ, ਪਰਾਧੀਨਤਾ, ਰੰਗ ਨਸਲ ਆਦਿ ਦੇ ਭੇਦਾਂ ਤੋਂ ਉੱਪਰ ਉਠ ਕੇ ਨੌਆਂ ਦੁਆਰਿਆਂ ਤੋਂ ਉੱਤੇ ਦਸਵੇਂ ਦੁਆਰੇ ਪਹੁੰਚ ਕੇ ਪ੍ਰਾਪਤ ਹੁੰਦੀ ਹੈ।

ਮੈਂ ਇਸ ਸੰਸਾਰ ਵਿਚ ਪ੍ਰਮਾਤਮਾ ਦੇ ਸੱਚੇ ਨਾਂ ਦਾ ਵਪਾਰ ਕੀਤਾ ਹੈ। ਇਸ ਲਈ ਲੋਕ ਪ੍ਰਲੋਕ ਤੇ ਲੇਖੇ ਦੇ ਹਿਸਾਬ ਕਿਤਾਬ ਰੱਖਣ ਵਾਲੇ ਚਿਤਰ ਗੁਪਤੋ ਮੇਰੇ ਲੇਖੇ ਵਿਚ ਜੋ ਮਰਜ਼ੀ ਅਲ-ਪਲ ਲਿਖ ਲਵੋ ਮੈਨੂੰ ਯਮਾਂ ਦਾ ਦੰਡ ਲੱਗ ਹੀ ਨਹੀਂ ਸਕਦਾ ਕਿਉਂਕਿ ਮੈਂ ਸੰਸਾਰ ਦੇ ਸਾਰੇ ਜੰਜਾਲਾਂ ਨੂੰ ਤੋੜ ਦਿੱਤਾ ਹੈ। ਜਿਹੜਾ ਜੀਵ ਇਸ ਸੰਸਾਰ ਵਿਚ ਪ੍ਰਮਾਤਮਾ ਦਾ ਨਾਮ ਜਪਦਾ ਹੈ ਉਹ ਜੀਵਨ-ਮੁਕਤ ਹੋ ਜਾਂਦਾ ਹੈ। ਯਮਾਂ ਦਾ ਦੰਡ ਉਹਨਾਂ ਨੂੰ ਲਗਦਾ ਹੈ, ਜਿਹੜੇ ਸੰਸਾਰ ਵਿਚ ਪ੍ਰਮਾਤਮਾ ਨੂੰ ਭੁਲਾ ਕੇ ਝੂਠੇ ਬੰਧਨਾਂ ਵਿਚ ਫਸ ਜਾਂਦੇ ਹਨ।

ਸੰਸਾਰ ਦਾ ਰੰਗ ਕਸੁੰਭ ਦੇ ਰੰਗ ਵਾਂਗ ਕੱਚਾ ਹੈ। ਜਿਵੇਂ ਕਿ ਸੰਸਾਰ ਭਰਮ ਕਰਕੇ ਸੱਚ ਲਗਦਾ ਹੈ ਪਰ ਇਹ ਸੰਸਾਰ ਝੂਠਾ ਹੈ ਕਿਉਂਕਿ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਕੁਝ ਵੀ ਸਥਿਰ ਨਹੀਂ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੈਂ ਚਮਾਰ ਇਸ ਸੰਸਾਰ ਵਿਚ ਪ੍ਰਮਾਤਮਾ ਦੇ ਮਜੀਠੀ, ਸਦੀਵੀ ਤੇ ਪੱਕੇ ਰੰਗ ਵਿਚ ਰੰਗਿਆ ਗਿਆ ਹਾਂ।

(ਪੁਸਤਕ ਸ੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ ਸਟੀਕ ਪ੍ਰਕਾਸ਼ਕ ਡੇਰਾ ਸੰਤ ਸਰਵਣ ਦਾਸ ਜੀ, ਸੱਚ ਖੰਡ ਬੱਲਾਂ ਜਲੰਧਰ 'ਚੋਂ ਧੰਨਵਾਦ ਸਹਿਤ)

---

## ਇਕ ਜ਼ਰੂਰੀ ਬੇਨਤੀ

ਸਾਧ ਸੰਗਤ ਜੀਓ! ਬੇਨਤੀ ਹੈ ਕਿ ਇਸ ਪੰਫਲਿਟ ਨੂੰ ਆਪ ਪੜ੍ਹ ਕੇ ਦੂਸਰਿਆਂ ਨੂੰ ਪੜ੍ਹਨ ਲਈ ਦਿਓ। ਸੂਝਵਾਨ ਪਾਠਕ ਸਾਡੇ ਨਾਲ ਚਿੱਠੀ ਪੱਤਰ ਜ਼ਰੂਰ ਕਰਨ। ਜੇ ਕੋਈ ਸੁਝਾਅ ਸਾਨੂੰ ਦੇਣਾ ਚਾਹੇ ਤਾਂ ਸੰਸਥਾ ਵਿਚਾਰ ਕਰੇਗੀ।

## ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ:) ਦੇ ਅਹੁਦੇਦਾਰ

1. ਪ੍ਰਧਾਨ : ਸ: ਰਛਪਾਲ ਸਿੰਘ ਬੱਧਣ ਸਪੁੱਤਰ ਸ: ਸਤਵੰਤ ਸਿੰਘ ਬੱਧਣ, N.B. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4। ਫ਼ੋਨ : 94176-10120
2. ਸੀਨੀਅਰ ਮੀਤ ਪ੍ਰਧਾਨ : ਸ੍ਰੀ ਕਾਂਸ਼ੀ ਰਾਮ ਕਲੇਰ ਸਪੁੱਤਰ ਸ੍ਰੀ ਭਗਤ ਰਾਮ, ਪਿੰਡ ਤੇ ਡਾਕ: ਜੰਡੂਸਿੰਘਾ, ਜਲੰਧਰ। ਮੋਬਾਇਲ : 98153-06544
3. ਮੀਤ ਪ੍ਰਧਾਨ : ਸ੍ਰੀ ਪਰਮਜੀਤ ਵਿਰਦੀ, ਸਪੁੱਤਰ ਸ੍ਰੀ ਸੋਹਨ ਲਾਲ, BX-1596, ਲੰਮਾ ਪਿੰਡ, ਜਲੰਧਰ-9. ਮੋਬਾਇਲ : 98155-85013
4. ਜਨਰਲ ਸਕੱਤਰ : ਸ੍ਰੀ ਅਮਰਜੀਤ ਸਿੰਘ ਬਿੱਲਾ ਸਪੁੱਤਰ ਸ੍ਰੀ ਸੀਤਲ ਰਾਮ, ਪਿੰਡ ਤੇ ਡਾਕਖਾਨਾ ਲੰਗੜੋਆ, ਜ਼ਿਲ੍ਹਾ ਨਵਾਂ ਸ਼ਹਿਰ। ਮੋਬਾਇਲ : 99155-71767
5. ਖ਼ਜ਼ਾਨਚੀ : ਸ੍ਰੀ ਅਸ਼ਵਨੀ ਚੌਕੜੀਆ ਸਪੁੱਤਰ ਸ੍ਰੀ ਬੀ. ਆਰ. ਚੌਕੜੀਆ, BX-1296/27, ਲੰਮਾ ਪਿੰਡ, ਜਲੰਧਰ-9. ਮੋਬਾਇਲ : 98888-38485, 3247185
6. ਸਹਾਇਕ ਖ਼ਜ਼ਾਨਚੀ : ਗੁਰਪ੍ਰੀਤ ਸਿੰਘ ਬੱਧਣ ਸਪੁੱਤਰ ਸ: ਰਛਪਾਲ ਸਿੰਘ ਬੱਧਣ, N.B.180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4. ਮੋਬਾਇਲ : 94630-71795
7. ਦਫ਼ਤਰ ਸਕੱਤਰ : ਸ੍ਰੀ ਦਿਲਬਾਗ ਸਿੰਘ ਸਪੁੱਤਰ ਸ੍ਰੀ ਅਰਜਨ ਰਾਮ, ਪਿੰਡ ਤੇ ਡਾਕਖਾਨਾ ਬਿਨਪਾਲਕੇ, ਜ਼ਿਲ੍ਹਾ ਜਲੰਧਰ। ਮੋਬਾਇਲ : 98722-42944
8. ਆਡੀਟਰ : ਸ੍ਰੀ ਰਾਮ ਧੰਨ ਨਾਂਗਲੂ ਸਪੁੱਤਰ ਸ੍ਰੀ ਰੱਖਾ ਰਾਮ, ਮੁਹੱਲਾ ਨਈ ਆਬਾਦੀ, ਭੋਗਪੁਰ, ਜ਼ਿਲ੍ਹਾ ਜਲੰਧਰ। ਮੋਬਾਇਲ : 98154-85844
9. ਲੀਗਲ ਅਡਵਾਈਜ਼ਰ : ਸ੍ਰੀ ਰਾਜਿੰਦਰ ਬੱਧਣ, ਸਪੁੱਤਰ ਸ੍ਰੀ.ਬਖਸ਼ੀ ਰਾਮ, B-6/27, ਸਈਪੁਰ ਛੋਟਾ, ਇੰਡਸਟ੍ਰੀਅਲ ਏਰੀਆ, ਜਲੰਧਰ। ਮੋਬਾਇਲ : 93573-00337

## ਐਗਜ਼ੈਕਟਿਵ ਕਮੇਟੀ ਦੇ ਮੈਂਬਰ


1. ਸ੍ਰੀ ਮਹਿੰਦਰ ਸੰਧੂ ਮਹੇੜੂ, ਸਪੁੱਤਰ ਸ੍ਰੀ ਬਿਸ਼ਨ ਦਾਸ, ਪਿੰਡ ਤੇ ਡਾ: ਮਹੇੜੂ, ਫਗਵਾੜਾ, ਜ਼ਿਲ੍ਹਾ ਕਪੂਰਥਲਾ। (ਮੁੱਖ ਸਲਾਹਕਾਰ ਤੇ ਵਿਦੇਸ਼ ਪ੍ਰਤੀਨਿਧ)
2. ਸ: ਚਰਨਜੀਤ ਸਿੰਘ ਬਿਨਪਾਲਕੇ ਸਪੁੱਤਰ ਸ੍ਰੀ ਅਰਜਨ ਰਾਮ, ਪਿੰਡ ਤੇ ਡਾ: ਬਿਨਪਾਲਕੇ, ਜ਼ਿਲ੍ਹਾ ਜਲੰਧਰ। ਮੋਬਾਇਲ : 98722-42944
3. ਸ੍ਰੀ ਅਸ਼ਵਨੀ ਹੀਰ, ਸਪੁੱਤਰ ਸ੍ਰੀ ਦੇਵ ਰਾਜ, ਪਿੰਡ ਸਈਪੁਰ, ਜ਼ਿਲ੍ਹਾ ਜਲੰਧਰ। ਮੋਬਾਇਲ : 99140-33981
4. ਸ੍ਰੀ ਰੇਸ਼ਮ ਲਾਲ, ਸਪੁੱਤਰ ਸ੍ਰੀ ਭਗਤ ਰਾਮ, ਪਿੰਡ ਤੇ ਡਾਕਖਾਨਾ ਮੀਰਪੁਰ ਜੱਟਾਂ, ਨੇੜੇ ਜਾਡਲਾ, ਜ਼ਿਲ੍ਹਾ ਨਵਾਂ ਸ਼ਹਿਰ।
5. ਸ੍ਰੀ ਅਜੀਤ ਕੁਮਾਰ ਸਪੁੱਤਰ ਸ੍ਰੀ ਪੋਲੋ ਰਾਮ ਪਿੰਡ ਤੇ ਡਾ: ਬੋਲੀਨਾ ਦੁਆਬਾ, ਜ਼ਿਲ੍ਹਾ ਜਲੰਧਰ।
6. ਸ੍ਰੀ ਸੁਰੇਸ਼ ਕੁਮਾਰ ਬੱਧਣ, ਸਪੁੱਤਰ ਸ੍ਰੀ ਰਾਜਿੰਦਰ ਕੁਮਾਰ ਬੱਧਣ, ਮਾਰਫਤ ਬੱਧਣ ਗੈਸ ਏਜੰਸੀ, ਸੋਢਲ ਨਗਰ, ਜਲੰਧਰ।

ਸਹੀ/- ਰਛਪਾਲ ਸਿੰਘ ਬੱਧਣ

---

## ਸੰਸਥਾ ਧੰਨਵਾਦੀ ਹੈ

ਸ੍ਰੀ ਪ੍ਰੇਮ ਪਾਲ ਸਪੁੱਤਰ ਸ੍ਰੀ ਨਸੀਬ ਚੰਦ, ਪਿੰਡ ਸਿਕੰਦਰਪੁਰ, ਨੇੜੇ ਅਲਾਵਲਪੁਰ, ਜ਼ਿਲ੍ਹਾ ਜਲੰਧਰ (ਇਸ ਸਮੇਂ ਦੋਹਾ ਕਤਰ) ਨੇ ਇਸ ਪੰਫਲਿਟ ਵਾਸਤੇ 1000/- ਰੁਪਿਆ ਸਹਾਇਤਾ ਵਜੋਂ ਭੇਜਿਆ ਹੈ। ਧੰਨਵਾਦ।



ਪਿੰਡ ਲੁਹਾਰਾ ਚਾਹੜਕੇ ਦੇ ਬੱਚੇ ਜਿਨ੍ਹਾਂ ਨੇ ਸੰਸਥਾ ਦੀ ਕਲਾਸ ਵਿਚ ਧਾਰਮਿਕ ਵਿੱਦਿਆ ਹਾਸਲ ਕਰਕੇ ਸਰਟੀਫੀਕੇਟ ਪ੍ਰਾਪਤ ਕੀਤੇ, ਸੰਸਥਾ ਦੇ ਮੈਂਬਰਾਂ ਨਾਲ।



ਪਿੰਡ ਭੂੰਦੀਆਂ ਦੇ ਬੱਚਿਆਂ ਨੇ ਸੰਸਥਾ ਦੀ ਧਾਰਮਿਕ ਕਲਾਸ ਵਿਚ ਪੜ੍ਹਾਈ ਕਰਕੇ ਸੰਸਥਾ ਦੇ ਸਰਟੀਫਿਕੇਟ ਪ੍ਰਾਪਤ ਕੀਤੇ।



ਪਿੰਡ ਬਿਨਪਾਲਕੇ ਦੇ ਬੱਚੇ ਸਰਟੀਫਿਕੇਟਾਂ ਨਾਲ ਸੰਸਥਾ ਦੇ ਅਹੁਦੇਦਾਰਾਂ ਨਾਲ ਨਜ਼ਰ ਆ ਰਹੇ ਹਨ।